# ਸਿਰੀ ਅਕਾਲ ਤਖ਼ਤ ਸਾਹਿਬ
# ਸਰਬਤ ਖਾਲਸਾ
# ਅਤੇ ਗੁਰਮਤਾ

Prof. Dr. Harnam Singh Shan
Principal Project Investigator
U.G.C. Research Project on Sikhism
605, Sector 16. Chandigarh.

ਸੁਖਦਿਆਲ ਸਿੰਘ

1502

ਪੰਜਾਬ ਹਿਸਟਾਰੀਕਲ ਸਟੱਡੀਜ਼
ਪੰਜਾਬੀ ਯੂਨੀਵਰਸਿਟੀ, ਪਟਿਆਲਾ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

# ਸਿਰੀ ਅਕਾਲ ਤਖ਼ਤ ਸਾਹਿਬ, ਸਰਬਤ ਖਾਲਸਾ ਅਤੇ ਗੁਰਮਤਾ

ਸਿਰੀ ਅਕਾਲ ਤਖ਼ਤ ਸਾਹਿਬ ਸਿਖ ਕੌਮ ਦੀ ਸੁਤੰਤਰਤਾ ਦਾ ਪਰਤੀਕ ਹੈ ਅਤੇ ਇਸ ਦੇ ਹਰ ਖੇਤਰ ਦੀਆਂ ਗਤੀਵਿਧੀਆਂ ਦਾ ਕੇਂਦਰ ਹੈ। ਜਿਵੇਂ ਕਿ ਇਹ ਆਪਣੇ ਨਾਂ ਤੋਂ ਹੀ ਸਪਸ਼ਟ ਹੈ ਕਿ ਇਹ ਸਦਾ ਸਦਾ ਲਈ ਸਥਿਰ ਰਹਿਣ ਵਾਲਾ ਲੋਕਸ਼ਕਤੀ ਦਾ ਕੇਂਦਰ ਹੈ। ਇਹ ਸਮੇਂ ਦੀਆਂ ਸਭ ਹਦਾਂ ਤੋਂ ਰਹਿਤ ਹੈ ਅਤੇ ਸਭ ਕਿਸਮ ਦੇ ਦੁਨਿਆਵੀ ਹਾਕਮਾਂ, ਦਰਬਾਰਾਂ ਜਾਂ ਪਾਰਲੀਮੈਂਟਾਂ ਤੋਂ ਉਪਰ ਹੈ। ਇਸ ਨੂੰ ਦੂਜੇ ਸ਼ਬਦਾਂ ਵਿਚ ਇਉਂ ਵੀ ਵਰਨਣ ਕੀਤਾ ਜਾ ਸਕਦਾ ਹੈ ਕਿ ਇਹ ਤਖ਼ਤ ਸਭ ਦੁਨਿਆਵੀ ਤਖ਼ਤਾਂ ਦੇ ਮੁਕਾਬਲੇ ਤੇ ਲੋਕਸ਼ਕਤੀ ਦਾ ਐਸਾ ਕੇਂਦਰ ਹੈ ਜਿਥੋਂ ਹਕ, ਸਚ ਅਤੇ ਇਨਸਾਫ਼ ਦੀ ਆਵਾਜ਼ ਬੁਲੰਦ ਹੁੰਦੀ ਹੈ ਅਤੇ ਜਿਥੋਂ ਦੁਨਿਆਵੀ ਹਾਕਮਾਂ ਦੇ ਜਬਰ ਅਤੇ ਜ਼ੁਲਮ ਦੇ ਖਿਲਾਫ਼ ਜੂਝਣ ਦੀ ਪਰੇਰਨਾ ਮਿਲਦੀ ਹੈ।

ਸਿਰੀ ਅਕਾਲ ਤਖ਼ਤ ਸਾਹਿਬ ਕਿਉਂਕਿ ਸਿਖ ਕੌਮ ਦੀ ਸੁਤੰਤਰਤਾ ਦਾ ਪਰਤੀਕ ਹੈ ਇਸ ਲਈ ਸਮੇਂ ਦੀ ਹਰ ਹਕੂਮਤ ਨੇ ਇਸ ਦੀ ਸੁਤੰਤਰਤਾ ਨੂੰ ਕੁਚਲਣ ਦੀ ਹੀ ਕੋਸ਼ਿਸ਼ ਕੀਤੀ ਹੈ ਪਰ ਇਹ ਹਰ ਸੰਕਟ ਸਮੇਂ ਪਹਿਲਾਂ ਨਾਲੋਂ ਦੁਗਣੀ ਸ਼ਕਤੀ ਲੈ ਕੇ ਉਭਰਦਾ ਰਿਹਾ ਹੈ। ਸਿਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਇਕ ਐਸੇ ਸਮੇਂ ਵਿਚ ਹੋਈ ਸੀ ਜਦੋਂ ਉਭਰ ਰਹੀ ਸਿਖ ਕੌਮ ਨੂੰ ਆਪਣੇ ਭਵਿਖ ਲਈ ਨਵੇਂ ਮਾਰਗ ਅਪਣਾਉਣ ਦੀ ਲੋੜ ਸੀ। ਭਾਵ ਕਿ ਸਿਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਹੋ ਚੁਕੀ ਸੀ। ਇਹ ਸ਼ਹਾਦਤ ਸਿਖ ਕੌਮ ਲਈ ਸਰਕਾਰ ਵਲੋਂ ਦਿਤਾ ਗਿਆ ਇਕ ਜ਼ਬਰਦਸਤ ਚੈਲਿੰਜ ਸੀ। ਜੇ ਇਸ ਚੈਲਿੰਜ ਦੇ ਸਾਹਮਣੇ ਝੁਕਣ ਦੀ ਨੀਤੀ ਅਪਣਾਈ ਜਾਂਦੀ ਤਾਂ ਇਹ ਚੈਲਿੰਜ ਸਿਖ ਕੌਮ ਲਈ ਇਕ ਮੌਤ ਦੇ ਬਰਾਬਰ ਹੋਣਾ ਸੀ। ਇਸ ਚੋਂ ਨਿਕਲਣ ਦਾ ਇਕੋ ਇਕ ਮਾਰਗ ਇਹੀ ਸੀ ਕਿ ਇਸ ਚੈਲਿੰਜ ਦਾ ਉਸੇ ਭਾਸ਼ਾ ਵਿਚ ਜਵਾਬ ਦਿਤਾ ਜਾਂਦਾ ਜਿਸ ਭਾਸ਼ਾ ਨੂੰ ਕੁਚਲਣ ਲਈ ਸਰਕਾਰ ਨੇ ਸਿਰੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਲਈ ਸੀ। ਇਹ ਭਾਸ਼ਾ ਸੀ ਪੂਰਨ ਸੁਤੰਤਰ ਹੋਂਦ ਦੀ। ਸਮੇਂ ਦੀ ਹਕੂਮਤ ਨੇ ਸਿਖਾਂ ਦੇ ਧਰਮ ਦੀ ਸੁਤੰਤਰਤਾ ਨੂੰ ਸਹਿਣ ਨਹੀਂ ਕੀਤਾ ਪਰ ਸਾਹਿਬ ਸਿਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਉਕਤ ਚੈਲਿੰਜ ਦਾ ਜਵਾਬ ਦਿੰਦਿਆਂ ਸਿਖ ਕੌਮ ਵਲੋਂ ਧਾਰਮਿਕ ਸੁਤੰਤਰਤਾ ਦੇ ਨਾਲ ਨਾਲ ਰਾਜਨੀਤਕ ਸੁਤੰਤਰਤਾ ਧਾਰਨ ਕਰ ਲੈਣ ਦਾ ਵੀ ਐਲਾਨ ਕਰ ਦਿਤਾ। ਇਸ ਦੀ ਪੂਰਤੀ ਵਜੋਂ ਸਿਰੀ ਅਕਾਲ ਤਖਤ ਸਾਹਿਬ ਦੀ ਸਥਾਪਨਾ ਕੀਤੀ ਗਈ ਅਤੇ ਇਸ ਤਖ਼ਤ ਦੇ ਉਪਰ ਬੈਠ ਕੇ ਉਸੇ ਤਰਾਂ ਦੀ ਬਾਦਸ਼ਾਹੀ ਠਾਠ ਅਨੁਸਾਰ ਸਿਖਾਂ ਦੇ ਛੇਵੇਂ ਪਾਤਸ਼ਾਹ ਹੋਣ ਦੀ ਗੁਰਿਆਈ ਧਾਰਨ ਕਰਨ ਦੀ ਰਸਮ

Digitized by Panjab Digital Library | www.panjabdigilib.org

ਪੂਰੀ ਕੀਤੀ । ਇਥੋਂ ਹੀ ਮੀਰੀ-ਪੀਰੀ ਦਾ ਸਿਧਾਂਤ ਸ਼ੁਰੂ ਹੁੰਦਾ ਹੈ ਜਿਸ ਦਾ ਭਾਵ ਹੈ ਕਿ ਸਿਖ ਕੌਮ ਧਾਰਮਿਕ ਅਤੇ ਰਾਜਨੀਤਕ ਖੇਤਰ ਦੇ ਫ਼ੈਸਲੇ ਕਰਨ ਵਿਚ ਪੂਰਨ ਸੁਤੰਤਰ ਹੈ । ਭਾਵ ਕਿ ਸਮੇਂ ਦੀ ਹਕੂਮਤ ਨੇ ਤਾਂ ਸਾਹਿਬ ਸਿਰੀ ਗੁਰੂ ਅਰਜਨ ਦੇਵ ਜੀ ਨੂੰ ਸ਼ਹੀਦ ਕਰਕੇ, ਸਿਖ ਕੌਮ ਦੀ ਧਾਰਮਿਕ ਖੇਤਰ ਦੀ ਸੁਤੰਤਰਤਾ ਵੀ ਖ਼ਤਮ ਕਰਨ ਦੀ ਕੋਸ਼ਿਸ਼ ਕੀਤੀ ਸੀ ਜਦੋਂ ਕਿ ਸਾਹਿਬ ਸਿਰੀ ਗੁਰੂ ਹਰਿ ਗੋਬਿੰਦ ਸਾਹਿਬ ਨੇ ਇਸ ਦਾ ਜਵਾਬ ਦਿੰਦਿਆ ਸਿਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਕਰ ਕੇ ਇਹ ਦਰਸਾ ਦਿਤਾ ਕਿ ਹੁਣ ਤੋਂ ਸਿਖ ਕੌਮ ਧਾਰਮਿਕ ਖੇਤਰ ਦੀ ਸੁਤੰਤਰਤਾ ਦੇ ਨਾਲ ਨਾਲ ਰਾਜਨੀਤਕ ਖੇਤਰ ਦੀ ਸੁਤੰਤਰਤਾ ਵੀ ਧਾਰਨ ਕਰ ਰਹੀ ਹੈ ।

ਸਿਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਕੀਤੀ ਗਈ । ਇਸ ਦੀ ਸੁਰਖਿਆ ਲਈ ਹਥਿਆਰਬੰਦ ਮਰਜੀਵੜੇ ਵੀ ਭਰਤੀ ਕੀਤੇ ਗਏ । ਰੋਜ਼ਾਨਾ ਸਵੇਰੇ ਸ਼ਾਮ ਦੋ ਵੇਲੇ ਸਿਰੀ ਅਕਾਲ ਤਖ਼ਤ ਸਾਹਿਬ ਉਪਰ ਬਾਦਸ਼ਾਹਾਂ ਵਾਂਗ ਦਰਬਾਰ ਲਗਾ ਕੇ ਸਿਖਾਂ ਦੇ ਮਸਲਿਆਂ ਨੂੰ ਨਜਿਠਿਆ ਜਾਂਦਾ ਸੀ । ਬਾਹਰਲੇ ਰਾਜਿਆਂ ਦੇ ਦੂਤਾਂ ਨੂੰ ਪੂਰੀ ਸ਼ਾਹੀ ਮਰਯਾਦਾ ਅਨੁਸਾਰ ਇਥੇ ਜੀਓ ਆਇਆ ਕਿਹਾ ਜਾਂਦਾ ਸੀ ਅਤੇ ਗੁਰੂ ਜੀ ਵਲੋਂ ਆਪਣੇ ਦੂਤ ਨਿਯੁਕਤ ਕਰ ਕੇ ਬਾਹਰਲੇ ਰਾਜਿਆਂ ਦੇ ਦਰਬਾਰਾਂ ਵਿਚ ਭੇਜੇ ਜਾਂਦੇ ਸਨ । ਯੋਧਿਆਂ, ਸੂਰਬੀਰਾਂ, ਰਾਗੀਆਂ, ਢਾਡੀਆਂ, ਵਿਦਵਾਨਾਂ, ਕਥਾਕਾਰਾਂ ਆਦਿ ਵਿਅਕਤੀਆਂ ਨੂੰ ਇਥੋਂ ਸਨਮਾਨਿਆ ਜਾਂਦਾ ਸੀ ਜਦੋਂ ਕਿ ਦੋਸ਼ੀਆਂ ਨੂੰ ਦੰਡ ਦਿਤਾ ਜਾਂਦਾ ਸੀ । ਸਚ, ਹਕ ਅਤੇ ਇਨਸਾਫ ਦੀ ਪਰਾਪਤੀ ਲਈ ਸੰਘਰਸ਼ ਕਰਨ ਵਾਸਤੇ ਪਰੇਰਨਾ ਦੇਣ ਵਾਲੀਆਂ ਜੋਸ਼ੀਲੀਆਂ ਵਾਰਾਂ ਦਾ ਗਾਇਨ ਕੀਤਾ ਜਾਂਦਾ ਸੀ । ਗਲ ਕੀ, ਸਿਰੀ ਅਕਾਲ ਤਖ਼ਤ ਸਾਹਿਬ ਤੇ ਇਉਂ ਵਿਚਰਿਆ ਜਾਂਦਾ ਸੀ ਜਿਸ ਤੋਂ ਸਿਖਾਂ ਦੇ ਮਨ ਵਿਚ ਇਕ ਸੁਤੰਤਰ ਕੌਮ ਹੋਣ ਦਾ ਅਹਿਸਾਸ ਪੈਦਾ ਹੁੰਦਾ ਸੀ । ਇਉਂ ਸਿਰੀ ਅਕਾਲ ਤਖ਼ਤ ਸਾਹਿਬ ਸਿਖਾਂ ਦੇ ਸਵੈ-ਨਿਰਣੇ, ਸੁਤੰਤਰ ਹੋਂਦ ਅਤੇ ਨਿਡਰ ਸੋਚ ਦਾ ਪਰਤੀਕ ਬਣ ਗਿਆ । ਇਸੇ ਲਈ ਹੀ ਜਦੋਂ ਵੀ ਕਿਸੇ ਹਕੂਮਤ ਨੇ ਸਿਖਾਂ ਦੀ ਸੁਤੰਤਰਤਾ ਨੂੰ ਕੁਚਲਣ ਦੀ ਕੋਸ਼ਿਸ਼ ਕੀਤੀ ਤਾਂ ਉਸ ਦਾ ਪਹਿਲਾ ਵਾਰ ਸਿਰੀ ਅਕਾਲ ਤਖ਼ਤ ਸਾਹਿਬ ਤੇ ਹੀ ਹੁੰਦਾ ਸੀ । ਇਸ ਤਹਿਤ ਜਾਂ ਤਾਂ ਇਸ ਨੂੰ ਢਾਹ ਦਿਤਾ ਜਾਂਦਾ ਸੀ ਅਤੇ ਜਾਂ ਫਿਰ ਇਸ ਦੇ ਪਰਬੰਧ ਵਿਚ ਆਪਣੇ ਹਥ-ਠੋਕੇ ਵਿਅਕਤੀ ਨਿਯੁਕਤ ਕਰਵਾਏ ਜਾਂਦੇ ਹਨ । ਇਹ ਦੋਵੇਂ ਚਾਲਾਂ ਹੀ ਦੁਸ਼ਮਣ ਹਕੂਮਤ ਵਲੋਂ ਚਲੀਆਂ ਜਾਂਦੀਆਂ ਰਹੀਆਂ ਹਨ ਪਰ ਇਤਿਹਾਸ ਇਸ ਗਲ ਦਾ ਵੀ ਗਵਾਹ ਹੈ ਕਿ ਹਕੂਮਤਾਂ ਦੀਆਂ ਇਹ ਦੋਵੇਂ ਚਾਲਾਂ ਹਰ ਸਮੇਂ ਹੀ ਸਿਖਾਂ ਦੀ ਆਜ਼ਾਦੀ-ਪਸੰਦ ਸੋਚ ਦੇ ਸਾਹਮਣੇ ਅਸਫ਼ਲ ਹੁੰਦੀਆਂ ਰਹੀਆਂ ਹਨ ।

ਸਾਹਿਬ ਸਿਰੀ ਗੁਰੂ ਹਰਿ ਗੋਬਿੰਦ ਸਾਹਿਬ ਤੋਂ ਲੈ ਕੇ ਅਜ ਤਕ ਹਕੂਮਤ ਆਪਣੀ ਕੋਈ ਨਾ ਕੋਈ ਧਿਰ ਹਮੇਸ਼ਾਂ ਬਰਾਬਰ ਖੜੀ ਕਰਦੀ ਰਹੀ ਹੈ । ਜਿਉਂ ਹੀ ਛੇਵੇਂ ਪਾਤਸ਼ਾਹ ਅੰਮਰਿਤਸਰ ਨੂੰ ਛਡ ਕੇ ਕੀਰਤਪੁਰ ਸਾਹਿਬ ਆ ਕੇ ਰਹਿਣ ਲਗੇ, ਗੁਰੂ ਘਰ ਦੀ ਵਿਰੋਧੀ ਧਿਰ ਪਿਰਥੀ ਚੰਦ ਦੀ ਔਲਾਦ ਨੇ ਸਿਰੀ ਦਰਬਾਰ ਸਾਹਿਬ, ਸਮੇਤ ਸਿਰੀ ਅਕਾਲ ਤਖ਼ਤ ਸਾਹਿਬ ਦੇ, ਆਪਣੇ ਕਬਜ਼ੇ ਵਿਚ ਕਰ ਲਿਆ । ਇਹ ਕਬਜ਼ਾ ਗੁਰੂ ਗੋਬਿੰਦ ਸਿੰਘ ਜੀ ਦੇ

Digitized by Panjab Digital Library | www.panjabdigilib.org

ਸਮੇਂ ਤਕ ਰਿਹਾ। 1699 ਈ: ਵਿਚ ਗੁਰੂ ਜੀ ਨੇ ਖਾਲਸੇ ਦੀ ਸਾਜਨਾ ਕਰਨ ਪਿਛੋਂ ਭਾਈ ਮਨੀ ਸਿੰਘ ਜੀ ਨੂੰ ਪੰਜ ਸਿੰਘਾਂ ਸਮੇਤ ਅੰਮਿਰਤਸਰ ਭੇਜਿਆ। ਭਾਈ ਸਾਹਿਬ ਨੇ ਸਿਰੀ ਦਰਬਾਰ ਸਾਹਿਬ ਅਤੇ ਸਿਰੀ ਅਕਾਲ ਤਖਤ ਸਾਹਿਬ ਦੀ ਮਰਯਾਦਾ ਫਿਰ ਤੋਂ ਸ਼ੁਰੂ ਕੀਤੀ। ਇਹ ਪਰਬੰਧ ਕੁਝ ਉਤਰਾਵਾਂ-ਚੜਾਵਾਂ ਸਮੇਤ 1734 ਈ: ਤਕ ਰਿਹਾ। 1734 ਈ. ਵਿਚ ਭਾਈ ਮਨੀ ਸਿੰਘ ਜੀ ਨੂੰ ਸ਼ਹੀਦ ਕਰ ਦਿਤਾ ਗਿਆ ਸੀ। ਪਰੰਤੂ ਭਾਈ ਸਾਹਿਬ ਦੇ ਸਮੇਂ ਵੀ ਹਕੂਮਤ ਨੇ ਕਈ ਵਾਰ ਸਿਰੀ ਦਰਬਾਰ ਸਾਹਿਬ ਦੇ ਪਰਬੰਧ ਨੂੰ ਖਾਲਸਾ ਪੰਥ ਦੇ ਹਥੋਂ ਖੋਹ ਕੇ ਆਪਣੇ ਹਥ-ਠੋਕਿਆ ਜਾਂ ਟੋਡੀ ਕਿਸਮ ਦੇ ਸਿਖਾਂ ਦੇ ਹਥ ਦੇਣ ਦੀ ਕੋਸ਼ਿਸ਼ ਕੀਤੀ ਸੀ। ਪਹਿਲਾਂ, 1711 ਈ. ਵਿਚ ਬੰਦਾ ਸਿੰਘ ਬਹਾਦਰ ਦੀ ਤਾਕਤ ਤੋੜਨ ਲਈ, ਮਾਤਾ ਸੁੰਦਰੀ ਜੀ ਦੇ ਮੁਤਬੰਨੇ ਪੁਤਰ ਅਜੀਤ ਸਿੰਘ ਨੂੰ, ਬਾਦਸ਼ਾਹ ਬਹਾਦਰ ਸ਼ਾਹ ਵਲੋਂ ਸਿਰੀ ਦਰਬਾਰ ਸਾਹਿਬ ਦਾ ਪਰਬੰਧ ਸੌਂਪਿਆ ਗਿਆ। ਬੰਦਾ ਸਿੰਘ ਬਹਾਦਰ ਦੀ ਸੈਨਾ ਵਿਚ ਬਾਵਾ ਬਿਨੋਦ ਸਿੰਘ ਵਰਗੇ ਬੰਦੇ ਵੀ ਸਨ ਜਿਹੜੇ ਅੰਦਰੋਗਤੀ ਹਕੂਮਤ ਦੇ ਨਾਲ ਮਿਲੇ ਹੋਏ ਸਨ ਅਤੇ ਇਹ ਹਰ ਸਮੇਂ ਅਜੀਤ ਸਿੰਘ ਦੇ ਹਕ ਵਿਚ ਬੋਲਦੇ ਸਨ। ਸ਼ਾਇਦ ਬੰਦਾ ਸਿੰਘ ਬਹਾਦਰ ਅਤੇ ਭਾਈ ਮਨੀ ਸਿੰਘ ਜੀ ਦੀ ਮਜ਼ਬੂਤ ਸਥਿਤੀ ਹੋਣ ਕਰਕੇ ਇਹ ਸਰਕਾਰੀ ਧਿਰ ਆਪਣਾ ਕੰਟਰੋਲ ਮਜ਼ਬੂਤ ਨਹੀਂ ਕਰ ਸਕੀ।

ਦੂਸਰੀ ਕੋਸ਼ਿਸ਼ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਪਿਛੋਂ ਸੰਨ 1716 ਈ. ਵਿਚ ਕੀਤੀ ਗਈ ਜਦੋਂ ਕਿ ਬਾਦਸ਼ਾਹ ਫਰੁਖ਼ਸ਼ੀਅਰ ਨੇ ਉਸੇ ਮੁਤਬੰਨੇ ਪੁਤਰ ਅਜੀਤ ਸਿੰਘ ਨੂੰ ਫਿਰ ਤੋਂ ਸਿਰੀ ਦਰਬਾਰ ਸਾਹਿਬ ਦਾ ਪਰਬੰਧ ਸੌਂਪਿਆ। ਇਸ ਸਮੇਂ ਬਾਵਾ ਬਿਨੋਦ ਸਿੰਘ ਅਤੇ ਬਾਵਾ ਕਾਹਨ ਸਿੰਘ ਖੁਲੇ ਰੂਪ ਵਿਚ ਉਸ ਦੇ ਨਾਲ ਸਨ। ਸਰਕਾਰ ਨੇ ਇਸ ਧਿਰ ਨੂੰ ਤਤ-ਖਾਲਸਾ ਅਰਥਾਤ ਅਸਲੀ ਖਾਲਸਾ ਕਹਿ ਕੇ ਵਡਿਆਇਆ ਸੀ ਜਦੋਂ ਕਿ ਇਹ ਧਿਰ ਖਾਲਸਾ ਪੰਥ ਦੇ ਗਦਾਰਾਂ ਦੀ ਸੀ, ਜਿਨਾਂ ਨੇ ਹਕੂਮਤ ਨਾਲ ਮਿਲ ਕੇ ਬੰਦਾ ਸਿੰਘ ਬਹਾਦਰ ਦੀ ਸਥਾਪਤ ਹੋ ਚੁਕੀ ਰਾਜਸੀ ਸ਼ਕਤੀ ਨੂੰ ਬਖੇਰਨ ਵਿਚ ਮਦਦ ਕੀਤੀ। ਇਹੀ ਲੋਕ ਸਨ ਜਿਨਾਂ ਨੇ ਭਾਂਤ ਭਾਂਤ ਦੀਆਂ ਅਫਵਾਹਾਂ ਫੈਲਾ ਕੇ ਬੰਦਾ ਸਿੰਘ ਬਹਾਦਰ ਨੂੰ ਸਿਖਾਂ ਵਿਚ ਬਦਨਾਮ ਕਰਨ ਦੀ ਕੋਸ਼ਿਸ਼ ਕੀਤੀ ਸੀ। ਨਤੀਜੇ ਵਜੋਂ ਇਕ ਪਾਸੇ ਤਾਂ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਦੇ ਨਾਲ ਨਾਲ ਸਿੰਘਾਂ ਨੂੰ ਦੇਖਦਿਆਂ ਹੀ ਗੋਲੀ ਮਾਰਨ ਦੇ ਹੁਕਮ ਜਾਰੀ ਕੀਤੇ ਗਏ ਅਤੇ ਦੂਜੇ ਪਾਸੇ ਅਖਾਉਤੀ ਤਤ-ਖਾਲਸੇ ਨੂੰ ਸਿਰੀ ਦਰਬਾਰ ਸਾਹਿਬ ਦਾ ਪਰਬੰਧ ਸੌਂਪ ਦਿਤਾ ਗਿਆ ਤਾਂ ਕਿ ਬੰਦਾ ਸਿੰਘ ਬਹਾਦਰ ਦੇ ਹਥਿਆਰਬੰਦ ਸਿੰਘ ਇਥੇ ਇਕਠੇ ਨਾ ਹੋ ਸਕਣ ਅਤੇ ਨਾਲ ਹੀ ਤਤ-ਖਾਲਸੇ ਦੇ ਹੀ ਪੰਜ ਸੌ ਸਿਖਾਂ ਨੂੰ ਲਾਹੌਰ ਦੇ ਸੂਬੇਦਾਰ ਦੇ ਅਧੀਨ ਨੌਕਰ ਰਖ ਲਿਆ ਗਿਆ। ਇਸ ਤੋਂ ਸਮਝਿਆ ਜਾ ਸਕਦਾ ਹੈ ਕਿ ਅਜਿਹੇ ਲੋਕਾਂ ਨੂੰ ਹਕੂਮਤ ਵਲੋਂ ਤਤ-ਖਾਲਸਾ ਕਿਹਾ ਜਾਂਦਾ ਸੀ ਅਤੇ ਜਿਨਾਂ ਸਿੰਘਾਂ ਨੇ ਬੰਦਾ ਸਿੰਘ ਬਹਾਦਰ ਦੇ ਨਾਲ ਹਸ ਹਸ ਕੇ ਸ਼ਹਾਦਤਾਂ ਦਿਤੀਆਂ ਸਨ ਅਤੇ ਪਿਛੋਂ ਜਿਹੜੇ ਜਿਊਂਦੇ ਰਹੇ ਸਨ ਉਨਾਂ ਵਲੋਂ ਹਕੂਮਤ ਅਗੇ ਹਥਿਆਰ ਨਹੀਂ ਸਨ ਸੁਟੇ ਗਏ. ਉਨਾਂ ਨੂੰ ਹਕੂਮਤ ਵਲੋਂ 'ਬੰਦਈ' ਅਰਥਾਤ ਗੁਰੂ ਤੋਂ ਬੇਮੁਖ ਹੋਏ ਸਿੰਘ ਕਿਹਾ ਜਾਂਦਾ ਸੀ।

Digitized by Panjab Digital Library | www.panjabdigilib.org

ਇਹ ਤਤ-ਖਾਲਸਾ ਗਰੁਪ ਸਿਰਫ ਬੰਦਾ ਸਿੰਘ ਬਹਾਦਰ ਦੀ ਤਾਕਤ ਤੋੜਨ ਵਿਚ ਹੀ ਭਾਈਵਾਲ ਨਹੀਂ ਸੀ ਸਗੋਂ ਭਾਈ ਮਨੀ ਸਿੰਘ ਨੂੰ ਵੀ ਕਮਜ਼ੋਰ ਕਰਨ ਵਿਚ ਅਤੇ ਅਖੀਰ ਨੂੰ ਸ਼ਹੀਦ ਕਰਵਾਉਣ ਵਿਚ ਵੀ ਅਸਿਧੇ ਤੌਰ ਤੇ ਭਾਈਵਾਲ ਸੀ। ਅਖੀਰ ਨੂੰ ਇਸ ਅਖਾਉਤੀ ਤਤ-ਖਾਲਸਾ ਗਰੁਪ ਨੂੰ ਉਸ ਸਮੇਂ ਸਿਰੀ ਦਰਬਾਰ ਸਾਹਿਬ ਵਿਚੋਂ ਨਿਕਲਣਾ ਪਿਆ ਜਦੋਂ ਸਰਬਤ ਖਾਲਸੇ ਨੇ ਭਾਈ ਮਨੀ ਸਿੰਘ ਦੀਆਂ ਹਦਾਇਤਾਂ ਮੁਤਾਬਕ, ਸਿਰੀ ਅਕਾਲ ਤਖ਼ਤ ਸਾਹਿਬ 'ਤੇ ਇਕਠਿਆਂ ਹੋ ਕੇ ਨਵਾਬ ਕਪੂਰ ਸਿੰਘ ਨੂੰ ਆਪਣਾ ਜੰਗੀ ਨੇਤਾ ਚੁਣ ਲਿਆ।

ਅਹਿਮਦਸ਼ਾਹ ਅਬਦਾਲੀ ਵੇਲੇ ਵੀ ਜਿਨੀ ਵਾਰ ਦਰਬਾਰ ਸਾਹਿਬ 'ਤੇ ਹਮਲੇ ਹੋਏ ਉਨੀ ਵਾਰ ਹੀ ਸਿਰੀ ਅਕਾਲ ਤਖਤ ਸਾਹਿਬ ਨੂੰ ਅਤੇ ਇਸ ਦੇ ਜਥੇਦਾਰ ਨੂੰ ਸਭ ਤੋਂ ਪਹਿਲਾਂ ਢਾਹੁਣ ਦੀ ਅਤੇ ਖ਼ਤਮ ਕਰਨ ਦੀ ਕੋਸ਼ਿਸ਼ ਕੀਤੀ ਗਈ। ਸਿਰੀ ਦਰਬਾਰ ਸਾਹਿਬ ਦਾ ਸਾਰਾ ਪਰਬੰਧ ਕੁਝ ਉਤਰਾਵਾਂ-ਚੜ੍ਹਾਵਾਂ ਦੇ ਬਾਵਜੂਦ ਮੁਖ ਤੌਰ ਤੇ ਖ਼ਾਲਸਾ ਪੰਥ ਦੇ ਪਾਸ ਹੀ ਰਿਹਾ। ਸਿਖ ਮਿਸਲਾਂ ਦੇ ਸਮੇਂ ਸਿਰੀ ਅਕਾਲ ਤਖ਼ਤ ਸਾਹਿਬ ਦਾ ਸਿਖਾਂ ਦੇ ਰਾਜਸੀ ਅਤੇ ਧਾਰਮਿਕ ਮਾਮਲਿਆਂ ਵਿਚ ਪਰਮੁਖ ਸਥਾਨ ਰਿਹਾ। ਮਿਸਲ ਸਰਦਾਰ ਇਕ ਦੂਜੇ ਨਾਲ ਲੜਨ ਦੇ ਬਾਵਜੂਦ ਵੀ ਸਿਰੀ ਅਕਾਲ ਤਖ਼ਤ ਸਾਹਿਬ ਉਪਰ ਇਕਠਿਆਂ ਹੋਣ ਲਗੇ ਸਭ ਕਿਸਮ ਦੀਆਂ ਜਾਤੀ ਅਤੇ ਰਾਜਸੀ ਦੁਸ਼ਮਣੀਆਂ ਛਡ ਦਿੰਦੇ ਸਨ। ਅਸਲ ਵਿਚ ਸਿਖ ਮਿਸਲਾਂ ਦਾ ਹੀ ਸਮਾਂ ਸੀ ਜਦੋਂ ਸਿਰੀ ਅਕਾਲ ਤਖ਼ਤ ਸਾਹਿਬ ਤੋਂ ਸਹੀ ਸੇਧ ਲਈ ਗਈ। ਇਸ ਸਮੇਂ ਵਖ ਵਖ ਸਿਖ ਮਿਸਲਾਂ ਦੇ ਵਖਰੇ ਵਖਰੇ ਰਾਜ-ਦਾਇਰੇ ਸਥਾਪਤ ਹੋ ਜਾਣ ਦੇ ਬਾਵਜੂਦ ਵੀ ਸਿਰੀ ਅਕਾਲ ਤਖ਼ਤ ਸਾਹਿਬ ਸਿਖ ਭਾਈਚਾਰੇ ਵਿਚ ਇਕ ਵੈਟੀਕਨ ਸਿਟੀ (ਸੁਤੰਤਰ ਅਸਥਾਨ) ਵਾਂਗ ਸੀ। ਇਥੇ ਸਿਰਫ਼ ਸਿਰੀ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਹੀ ਸਾਰੀ ਕਾਰਵਾਈ ਨਿਭਾਉਂਦਾ ਸੀ ਅਤੇ ਇਸਦੀ ਨਿਯੁਕਤੀ, ਸਭ ਮਿਸਲਾਂ ਵਲੋਂ ਸਰਬਸੰਮਤੀ ਨਾਲ ਕੀਤੀ ਜਾਂਦੀ ਸੀ। ਉਸ ਸਮੇਂ ਭਾਵੇ ਸ਼ਹੀਦਾਂ ਦੀ ਮਿਸਲ ਦੇ ਅਕਾਲੀ ਸਿੰਘ ਹੀ ਸਿਰੀ ਅਕਾਲ ਤਖ਼ਤ ਸਾਹਿਬ ਦੇ ਪਰਬੰਧਕ ਸਨ ਪਰ ਇਹ ਅਕਾਲੀ ਸਿੰਘ ਸਮੁਚੀਆਂ ਸਿਖ ਮਿਸਲਾਂ ਰਾਹੀਂ ਪੂਰਨ ਤੌਰ ਤੇ ਸਤਿਕਾਰੇ ਜਾਂਦੇ ਸਨ ਅਤੇ ਇਹ ਮਾਮਲੇ ਨਜਿਠਣ ਸਮੇਂ ਪੂਰੀ ਤਰਾਂ ਨਿਰਪਖ ਵੀ ਰਹਿੰਦੇ ਸਨ।

ਮਹਾਰਾਜਾ ਰਣਜੀਤ ਸਿੰਘ ਨੇ ਆਪਣੇ ਰਾਜ ਸਮੇਂ ਸਿਰੀ ਅਕਾਲ ਤਖਤ ਸਾਹਿਬ ਅਤੇ ਇਸ ਦੇ ਜਥੇਦਾਰ ਨੂੰ ਪੂਰੀ ਸੁਤੰਤਰਤਾ ਦਿਤੀ। ਭਾਵੇਂ ਕਿ ਇਸ ਸੁਤੰਤਰਤਾ ਨੂੰ ਖ਼ੁਦ ਅਕਾਲੀਆਂ ਜਾਂ ਸਿਖ ਸੰਗਤਾਂ ਵਲੋਂ ਸਥਿਰ ਨਹੀਂ ਰਖਿਆ ਜਾ ਸਕਿਆ। ਲਗਦੀ ਵਾਹ, ਮਹਾਰਾਜਾ ਰਣਜੀਤ ਸਿੰਘ ਨੇ ਸਿਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਸਾਰੇ ਦੇਸ਼ ਵਿਚ ਇਕ ਸੁਤੰਤਰ ਵਿਅਕਤੀ ਦੇ ਤੌਰ ਤੇ ਮਾਣਤਾ ਦਿਤੀ ਅਤੇ ਆਪਣੇ ਆਪ ਨੂੰ ਅਕਾਲੀ ਫੂਲਾ ਸਿੰਘ ਅਗੇ ਕੋਰੜਿਆਂ ਦੀ ਸਜ਼ਾ ਭੁਗਤਣ ਲਈ ਪੇਸ਼ ਕਰ ਕੇ, ਸਿਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੂੰ ਆਪਣੀ ਬਾਦਸ਼ਾਹਤ ਤੋਂ ਸੁਪਰੀਮ ਮੰਨਿਆ। ਪਰ ਅਕਾਲੀ ਫੂਲਾ ਸਿੰਘ ਦੀ ਸ਼ਹਾਦਤ ਤੋਂ ਪਿਛੋਂ ਉਸਦਾ ਕੋਈ ਵੀ ਐਸਾ ਉਤਰ-ਅਧਿਕਾਰੀ ਅਗੇ ਨਹੀਂ ਆ ਸਕਿਆ ਜੋ ਅਕਾਲੀ ਜੀ ਵਾਂਗ, ਜਥੇਦਾਰੀ ਦਾ ਰੋਅਬ-ਦਾਅਬ ਕਾਇਮ ਰਖ ਸਕਦਾ।

Digitized by Panjab Digital Library | www.panjabdigilib.org

ਸਿਖ ਰਾਜ ਖ਼ਤਮ ਹੋਣ ਪਿਛੋਂ ਅੰਗਰੇਜ਼ ਸਾਮਰਾਜ ਸਮੇਂ ਸਿਰੀ ਅਕਾਲ ਤਖ਼ਤ ਸਾਹਿਬ ਅਤੇ ਬਾਕੀ ਦੇ ਗੁਰਦੁਆਰਿਆਂ ਦਾ ਵਖਰੇਵਾਂ ਖ਼ਤਮ ਕਰ ਕੇ ਦੋਵੇਂ ਸੰਸਥਾਵਾਂ ਸਿਰਫ਼ ਪੂਜਾ-ਪਾਠ ਦਾ ਅਸਥਾਨ ਬਣ ਕੇ, ਹੌਲੀ ਹੌਲੀ ਪੁਜਾਰੀਆਂ ਦੀ ਜਦੀ ਜਾਇਦਾਦ ਹੀ ਬਣਦੀਆਂ ਗਈਆਂ। ਇਹ ਵਖਰੇਵਾਂ ਤਾਂ ਬਿਲਕੁਲ ਹੀ ਖ਼ਤਮ ਹੋ ਗਿਆ ਕਿ ਸਿਰੀ ਅਕਾਲ ਤਖ਼ਤ ਸਾਹਿਬ ਕੋਈ ਗੁਰਦੁਆਰਾ ਨਾ ਹੋ ਕੇ ਇਕ ਫੈਸਲੇ ਕਰਨ ਵਾਲਾ ਪਰਭੂਸਤਾਸ਼ਾਲੀ ਤਖ਼ਤ ਹੈ ਜਦੋਂ ਕਿ ਗੁਰਦੁਆਰੇ (ਸਿਰੀ ਦਰਬਾਰ ਸਾਹਿਬ ਸਮੇਤ) ਸਿਰਫ਼ ਭਜਨ-ਬੰਦਗੀ ਕਰਨ ਵਾਲੇ ਪਵਿਤਰ ਅਸਥਾਨ ਹਨ। ਜਦੋਂ ਵੀ ਕਦੇ ਕਿਸੇ ਵਿਅਕਤੀ ਜਾਂ ਹਕੂਮਤ ਵਲੋਂ ਸਿਰੀ ਅਕਾਲ ਤਖ਼ਤ ਸਾਹਿਬ ਦੀ ਸਰਬਉਚਤਾ ਨੂੰ ਖ਼ਤਮ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ਤਾਂ ਸਭ ਤੋਂ ਪਹਿਲੀ ਕੋਸ਼ਿਸ਼ ਇਹ ਹੀ ਕੀਤੀ ਜਾਂਦੀ ਰਹੀ ਹੈ ਕਿ ਅਕਾਲ ਤਖ਼ਤ ਸਾਹਿਬ ਨੂੰ ਵੀ ਆਮ ਗੁਰਦੁਆਰਿਆਂ ਦੀ ਤਰਾਂ ਇਕ ਗੁਰਦੁਆਰਾ ਹੀ ਸਾਬਤ ਕੀਤਾ ਜਾਵੇ। ਪੰਜਾਬ ਗੁਰਦੁਆਰਾ ਐਕਟ 1925 ਦੇ ਰਾਹੀਂ ਤਾਂ ਸਿਰੀ ਅਕਾਲ ਤਖ਼ਤ ਸਾਹਿਬ ਦਾ ਗੁਰੂ ਆਸ਼ੇ ਵਾਲਾ ਸੁਤੰਤਰ ਦਰਜਾ ਬਿਲਕੁਲ ਹੀ ਖ਼ਤਮ ਕਰ ਦਿਤਾ ਗਿਆ ਹੈ। ਅਸੀਂ ਇਹ ਸਭ ਕੁਝ ਬਿਨਾਂ ਸੋਚੇ ਸਮਝੇ ਹੀ ਮੰਨਦੇ ਆ ਰਹੇ ਹਾਂ ਅਤੇ ਵਰਤਮਾਨ ਬਾਹਮਣਵਾਦੀ ਸਰਕਾਰ ਦੀਆਂ ਕੁਟਲ-ਨੀਤੀਆਂ ਦੇ ਅਧੀਨ, ਸ਼ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ ਅੰਮਰਿਤਸਰ ਨੇ ਅਕਾਲ ਤਖ਼ਤ ਸਾਹਿਬ ਦੇ ਹੈਡ-ਗਰੰਥੀ, ਗਰੰਥੀ ਅਤੇ ਹੋਰ ਛੋਟੇ ਗਰੰਥੀ ਨੀਯਤ ਕਰ ਕੇ ਰਹਿੰਦੀ ਕਸਰ ਵੀ ਪੂਰੀ ਕਰ ਦਿਤੀ ਹੈ। ਅਸੀਂ ਗ਼ੈਰ-ਸਿਖ ਸਰਕਾਰਾਂ ਤੋਂ ਆਪਣੇ ਗੁਰਦੁਆਰਿਆਂ ਦੀ ਕਾਨੂੰਨੀ ਵਿਵਸਥਾ ਬਣਵਾਉਂਦੇ ਬਣਵਾਉਂਦੇ ਅਕਾਲ ਤਖ਼ਤ ਦੀ ਸਰਬਉਚਤਾ ਨੂੰ ਖ਼ਤਮ ਕਰਵਾ ਬੈਠੇ ਹਾਂ। ਵਰਤਮਾਨ ਸ਼ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ ਅੰਮਰਿਤਸਰ ਦੇ ਅਧੀਨ ਸਿਰੀ ਅਕਾਲ ਤਖ਼ਤ ਦੀ ਜੋ ਵਿਵਸਥਾ ਹੈ ਇਸ ਨੂੰ, ਸਿਰਫ਼ ਆਪਣੇ ਦਿਲ ਨੂੰ ਸਮਝਾਉਣ ਲਈ ਅਸੀਂ ਭਾਵੇਂ ਜੋ ਮਰਜ਼ੀ ਕੁਝ ਕਹਿ ਲਈਏ ਪਰ ਅਸਲੀਅਤ ਇਹ ਹੈ ਕਿ ਇਸ ਰਾਹੀਂ ਅਸੀਂ ਆਪਣੇ ਸਿਰੀ ਅਕਾਲ ਤਖ਼ਤ ਸਾਹਿਬ ਦੀ ਸਰਬਉਚਤਾ ਨੂੰ ਤਾਂ ਬਾਹਮਣਵਾਦੀ ਪਾਰਲੀਮੈਂਟ ਅਗੇ ਸਮਰਪਤ ਕੀਤਾ ਹੀ ਕੀਤਾ ਹੈ ਸਗੋਂ ਅਸੀਂ ਆਪਣੇ ਗੁਰਦੁਆਰਿਆਂ ਦੇ ਸੁਤੰਤਰ ਪਰਬੰਧ ਵਿਚ ਵੀ ਸਰਕਾਰੀ ਦਖ਼ਲ ਲਈ ਰਸਤਾ ਖੋਲ ਦਿਤਾ ਹੈ।

ਉਕਤ ਅਧਿਐਨ ਦਾ ਸਿਟਾ ਕਢਦੇ ਹੋਏ, ਸਿਰੀ ਅਕਾਲ ਤਖ਼ਤ ਸਾਹਿਬ ਦੀ ਸੁਤੰਤਰ ਹੋਂਦ ਨੂੰ ਮੰਨਣ ਜਾਂ ਖ਼ਤਮ ਕਰਨ ਲਈ ਸਰਕਾਰੀ ਨੀਤੀਆਂ ਦੇ ਤਿੰਨ ਨੁਕਤੇ ਸਾਹਮਣੇ ਆਉਂਦੇ ਹਨ : ਪਹਿਲਾ ਇਹ ਕਿ ਇਸਦੀ ਸਰਬਉਚਤਾ ਨੂੰ ਖ਼ਤਮ ਕਰਨ ਲਈ ਸਮੇਂ ਸਮੇਂ ਦੀਆਂ ਸਰਕਾਰਾਂ ਵਲੋਂ ਸਿਧੇ ਫੌਜੀ ਹਮਲੇ ਹੁੰਦੇ ਰਹੇ ਹਨ ਜਿਵੇਂ ਮੁਗਲ ਅਤੇ ਅਫ਼ਗਾਨ ਹਾਕਮਾਂ ਵਲੋਂ ਕੀਤੇ ਗਏ ਸਨ। ਦੂਜਾ ਇਹ ਕਿ ਸਮੇਂ ਅਨੁਸਾਰ ਜਿਉਂ ਹੀ ਸਰਕਾਰਾਂ ਦਾ ਲੋਕਤੰਤਰੀ ਰੂਪ ਸਾਹਮਣੇ ਆਉਂਦਾ ਗਿਆ ਤਾਂ ਇਨਾਂ ਹਮਲਿਆਂ ਵਿਚੋਂ ਫੌਜੀ ਸ਼ਮੂਲੀਅਤ ਖ਼ਤਮ ਹੋ ਕੇ ਕਾਨੂੰਨ ਦੀ ਆੜ ਹੇਠ ਅਸਿਧੇ ਤੌਰ ਤੇ ਹਮਲੇ ਕੀਤੇ ਗਏ। ਜਿਵੇਂ ਕਿ ਅਗਰੇਜ਼ ਅਤੇ ਹਿੰਦੂ ਸਰਕਾਰਾਂ ਵਲੋਂ ਹੋਇਆ ਹੈ। ਤੀਜਾ ਇਹ ਕਿ ਜਦੋਂ ਵੀ ਕਦੇ ਸਿਖ ਸਰਕਾਰ

Digitized by Panjab Digital Library | www.panjabdigilib.org

ਆਈ ਹੈ ਭਾਵੇਂ ਕਿ ਉਹ ਰਾਜਤੰਤਰੀ ਕਿਸਮ ਦੀ ਹੀ ਹੁੰਦੀ ਸੀ, ਸਿਰੀ ਅਕਾਲ ਤਖ਼ਤ ਸਾਹਿਬ ਦੀ ਸਰਬਉਚਤਾ ਕਾਇਮ ਹੁੰਦੀ ਰਹੀ ਹੈ ।

## II

ਕਿਉਂਕਿ ਸਿਰੀ ਅਕਾਲ ਤਖ਼ਤ ਸਾਹਿਬ ਸਿਖ ਕੌਮ ਦਾ ਪਰਭੂਸਤਾਸ਼ਾਲੀ ਤਖ਼ਤ ਹੈ ਇਸ ਲਈ ਇਥੋਂ ਸਿਖ ਕੌਮ ਦੇ ਹਰ ਕਿਸਮ ਦੇ ਮਾਮਲੇ ਨਜਿਠੇ ਜਾਂਦੇ ਰਹੇ ਹਨ ਅਤੇ ਇਥੋਂ ਹਰ ਖੇਤਰ ਦੀਆਂ ਗਤੀਵਿਧੀਆਂ ਬਾਰੇ ਸੇਧ ਲਈ ਜਾਂਦੀ ਰਹੀ ਹੈ । ਸਿਰੀ ਅਕਾਲ ਤਖ਼ਤ ਸਾਹਿਬ ਨੂੰ ਸਥਾਪਤ ਕਰਨ ਦਾ ਮਨੋਰਥ ਹੀ ਇਹ ਸੀ ਕਿ ਇਥੇ ਸਿਖ ਕੌਮ ਦੀਆਂ ਹਰ ਕਿਸਮ ਦੀਆਂ ਕਾਰਵਾਈਆਂ ਨੂੰ ਕੇਂਦਰਿਤ ਕੀਤਾ ਜਾਵੇ । ਸਾਹਿਬ ਸਿਰੀ ਗੁਰੂ ਹਰਿ ਗੋਬਿੰਦ ਸਾਹਿਬ ਨੇ, ਜਿਵੇਂ ਕਿ ਪਹਿਲਾਂ ਲਿਖਿਆ ਜਾ ਚੁਕਾ ਹੈ, ਇਥੇ ਇਸ ਤਰਾਂ ਦਰਬਾਰ ਲਗਾਉਣੇ ਸ਼ੁਰੂ ਕੀਤੇ ਸਨ ਜਿਨਾਂ ਤੋਂ ਸਿਖਾਂ ਦੇ ਮਨਾਂ ਵਿਚ ਰਾਜਨੀਤਕ ਚੇਤੰਨਤਾ ਦਾ, ਸੁਤੰਤਰ ਹੋਂਦ ਦਾ ਅਤੇ ਆਤਮ ਵਿਸ਼ਵਾਸ ਦਾ ਅਹਿਸਾਸ ਪੈਦਾ ਹੁੰਦਾ ਸੀ । ਭਾਵੇਂ ਗੁਰੂ ਹਰਿ ਗੋਬਿੰਦ ਸਾਹਿਬ ਨੂੰ ਲਗਾਤਾਰ ਇਥੇ ਰਹਿਣ ਦਾ ਸਮਾਂ ਨਹੀਂ ਮਿਲਿਆ ਅਤੇ ਨਾ ਹੀ ਪਿਛਲੇ ਚਾਰ ਗੁਰੂ ਸਾਹਿਬਾਨ ਨੂੰ ਇਥੇ ਰਹਿ ਕੇ ਸਿਰੀ ਅਕਾਲ ਤਖ਼ਤ ਸਾਹਿਬ ਤੋਂ ਕਾਰਵਾਈਆਂ ਕਰਨ ਦਾ ਮੌਕਾ ਮਿਲਿਆ ਪਰ ਸਿਖਾਂ ਦੇ ਹਿਰਦੇ ਇਸ ਅਸਥਾਨ ਨਾਲ ਇਤਨੇ ਜਜ਼ਬਾਤੀ ਰੂਪ ਵਿਚ ਜੁੜ ਚੁਕੇ ਸਨ ਕਿ ਇਕ ਲੰਮੇ ਅਰਸੇ ਬਾਦ ਵੀ, ਜਦੋਂ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਦੇ ਪਿਛੋਂ ਸਿਖ ਕੌਮ ਨੇ ਆਪਣੇ ਆਪ ਨੂੰ ਬੁਰੀ ਤਰਾਂ ਨੇਤਾਹੀਣ ਮਹਿਸੂਸ ਕੀਤਾ ਤਾਂ ਉਹ ਅਜਿਹੇ ਸੰਕਟਮਈ ਹਾਲਾਤ ਵਿਚ ਆਪਣੇ ਆਪ ਹੀ ਸਿਰੀ ਅਕਾਲ ਤਖ਼ਤ ਸਾਹਿਬ 'ਤੇ ਇਕਠੇ ਹੋਣੇ ਸ਼ੁਰੂ ਹੋ ਗਏ ।

ਗੁਰੂ ਹਰਿ ਗੋਬਿੰਦ ਸਾਹਿਬ ਅੰਮਰਿਤਸਰ ਤੋਂ ਸਤਾਰਵੀਂ ਸਦੀ ਦੇ ਚੌਥੇ ਦਹਾਕੇ ਦੇ ਸ਼ੁਰੂ ਵਿਚ ਚਲੇ ਗਏ ਸਨ ਅਤੇ ਸਿਖ ਪੰਥ ਅਠਾਰਵੀਂ ਸਦੀ ਦੇ ਚੌਥੇ ਦਹਾਕੇ ਵਿਚ ਇਥੇ ਇਕਠਾ ਹੋਣਾ ਸ਼ੁਰੂ ਹੋਇਆ । ਇਉਂ ਲਗਾਤਾਰ ਪੂਰੇ ਦਸ ਦਹਾਕਿਆਂ ਤਕ ਜਾਂ ਪੂਰੀ ਇਕ ਸਦੀ ਤਕ ਅਕਾਲ ਤਖ਼ਤ ਸਾਹਿਬ ਤੋਂ ਵਿਛੜੇ ਰਹਿਣ ਦੇ ਬਾਵਜੂਦ ਵੀ ਜੇ ਖ਼ਾਲਸਾ ਪੰਥ ਮੁੜ ਤੋਂ ਆਪਣੇ ਆਪ ਅਕਾਲ ਤਖ਼ਤ ਸਾਹਿਬ ਉਪਰ ਇਕਠਾ ਹੋਣਾ ਸ਼ੁਰੂ ਹੋਇਆ ਸੀ ਤਾਂ ਇਹ ਗਲ ਸਿਖਾਂ ਦੀ ਉਸ ਜਜ਼ਬਾਤੀ ਸਾਂਝ ਨੂੰ ਦਰਸਾਉਂਦੀ ਹੈ ਜਿਹੜੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਦੇ ਥੋੜੇ ਜਿਹੇ ਅਰਸੇ ਵਿਚ ਹੀ, ਅਕਾਲ ਤਖ਼ਤ ਸਾਹਿਬ ਨਾਲ ਜੁੜ ਚੁਕੀ ਸੀ । ਅਸਲ ਵਿਚ ਅਠਾਰਵੀਂ ਸਦੀ ਦਾ ਸਮਾਂ ਹੀ ਹੈ ਜਦੋਂ ਖ਼ਾਲਸਾ ਪੰਥ ਨੇ, ਸਰਬਤ

Digitized by Panjab Digital Library | www.panjabdigilib.org

ਖ਼ਾਲਸੇ ਦੇ ਰੂਪ ਵਿਚ, ਸਿਰੀ ਅਕਾਲ ਤਖ਼ਤ ਸਾਹਿਬ ਨੂੰ ਸਿਖ ਰਾਜਨੀਤੀ ਦਾ ਬੁਨਿਆਦੀ ਆਧਾਰ ਬਣਾ ਕੇ, ਇਥੋਂ ਹਰ ਕਿਸਮ ਦੀ ਸੇਧ ਲਈ।

ਅਠਾਰਵੀਂ ਸਦੀ ਦਾ ਉਹ ਸਿਖ ਇਤਿਹਾਸ, ਜੋ ਸਿਰੀ ਅਕਾਲ ਤਖ਼ਤ ਸਾਹਿਬ ਦੇ ਦੁਆਲੇ ਕੇਂਦਰਿਤ ਹੈ, ਅਠਾਰਵੀਂ ਸਦੀ ਦੇ ਤੀਜੇ ਦਹਾਕੇ ਤੋਂ ਸ਼ੁਰੂ ਹੁੰਦਾ ਹੈ। ਇਹ ਸਮਾਂ ਅਜਿਹਾ ਸੀ ਜਦੋਂ ਕਿ ਖ਼ਾਲਸਾ ਪੰਥ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ (1716 ਈ:) ਪਿਛੋਂ ਬਿਲਕੁਲ ਹੀ ਨੇਤਾਹੀਣ ਹੋ ਗਿਆ ਸੀ ਅਤੇ ਤਤ-ਖ਼ਾਲਸਿਆਂ ਦੇ ਭੇਸ ਵਿਚ ਸਰਕਾਰੀ ਪਿਠੂਆਂ ਨੇ ਸਿਖ ਕੌਮ ਨੂੰ ਭਾਂਤ ਭਾਂਤ ਦੇ ਗਰੁਪਾਂ ਵਿਚ ਵੰਡ ਦਿਤਾ ਸੀ। ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਦੇ ਤੁਰੰਤ ਬਾਦ, ਸਿਖਾਂ ਨੂੰ ਦੇਖਦਿਆਂ ਸਾਰ ਹੀ ਗੋਲੀ ਮਾਰਨ ਦੇ ਹੁਕਮ ਜਾਰੀ ਕਰ ਦਿਤੇ ਗਏ ਸਨ ਇਸ ਲਈ ਬੰਦਾ ਸਿੰਘ ਬਹਾਦਰ ਦੇ ਜੰਗੀ ਸਾਥੀ, ਜਿਹੜੇ ਗੁਰਦਾਸ ਨੰਗਲ ਦੇ ਘੇਰੇ ਤੋਂ ਬਾਹਰ ਰਹਿ ਗਏ ਸਨ, ਜਾਂ ਤਾਂ ਜੰਗਲਾਂ, ਪਹਾੜਾਂ, ਰੇਗਸਥਾਨਾਂ ਆਦਿ ਵੀਰਾਨ ਇਲਾਕਿਆਂ ਵਿਚ ਜਾ ਛੁਪੇ ਸਨ ਤੇ ਜਾਂ ਫਿਰ ਰਾਜਪੂਤ ਰਿਆਸਤਾਂ ਦੇ ਰਾਜਿਆਂ ਪਾਸ ਜਾ ਨੌਕਰ ਹੋਏ ਸਨ। ਕੁਝ ਸਾਲਾਂ ਬਾਦ ਜਦੋਂ ਸਰਕਾਰ ਵਲੋਂ ਜਾਰੀ ਹੋਏ ਗੋਲੀ ਮਾਰਨ ਦੇ ਹੁਕਮ ਠੰਢੇ ਹੋਏ ਤਾਂ ਇਨਾਂ ਹਥਿਆਰਬੰਦ ਸਿੰਘਾਂ ਨੇ ਦੋ-ਦੋ ਚਾਰ-ਚਾਰ ਦੀ ਗਿਣਤੀ ਵਿਚ, ਆਪਣੀਆਂ ਛੁਪਣਗਾਹਾਂ ਵਿਚੋਂ ਨਿਕਲ ਕੇ, ਰਾਤ-ਬਰਾਤੇ ਚੋਰੀ-ਛੁਪੇ ਸਿਰੀ ਦਰਬਾਰ ਸਾਹਿਬ ਅਤੇ ਸਿਰੀ ਅਕਾਲ ਤਖ਼ਤ ਸਾਹਿਬ ਵਿਖੇ ਆਉਣਾ ਸ਼ੁਰੂ ਕਰ ਦਿਤਾ। ਇਉਂ ਅਜਿਹੇ ਸਿੰਘਾਂ ਦੀ ਗਿਣਤੀ ਦਿਨ-ਬਦਿਨ ਵਧਦੀ ਹੀ ਗਈ। ਇਹ ਸਮਾਂ ਸਿਰੀ ਅਕਾਲ ਤਖ਼ਤ ਸਾਹਿਬ ਤੇ ਸਿੰਘਾਂ ਵਲੋਂ ਇਕਠੇ ਹੋਣ ਦੀ ਸ਼ੁਰੂਆਤ ਸੀ। ਸਿੰਘ ਅੰਮਰਿਤਸਰ ਦੇ ਪਵਿਤਰ ਸਰੋਵਰ ਵਿਚ ਇਸ਼ਨਾਨ ਕਰਦੇ, ਸਿਰੀ ਦਰਬਾਰ ਸਾਹਿਬ ਵਿਖੇ ਗੁਰਬਾਣੀ ਦਾ ਪਾਠ ਸੁਣਦੇ ਅਤੇ ਸਿਰੀ ਅਕਾਲ ਤਖ਼ਤ ਸਾਹਿਬ ਤੇ, ਆਪਣੀ ਕੌਮ ਨੂੰ ਚੜਦੀਆਂ ਕਲਾਂ ਵਲ ਲੈ ਕੇ ਜਾਣ ਦੀਆਂ ਅਰਦਾਸਾਂ ਕਰਦੇ। ਇਸ ਤਰਾਂ ਜਿਉਂ ਜਿਉਂ ਜ਼ਿਆਦਾ ਗਿਣਤੀ ਵਿਚ ਸਿੰਘ ਇਥੇ ਇਕਠੇ ਹੁੰਦੇ, ਤਿਉਂ ਤਿਉਂ ਉਹ ਦੁਸ਼ਮਣਾਂ ਨੂੰ ਮਾਰਨ ਦੀਆਂ, ਜਥੇਬੰਦੀ ਨੂੰ ਬਣਾਉਣ ਦੀਆਂ, ਸਰਕਾਰੀ ਖ਼ਜ਼ਾਨੇ ਅਤੇ ਅਸਲਾਖ਼ਾਨੇ ਲੁਟਣ ਦੀਆਂ ਗਲਾਂ ਕਰਦੇ ਅਤੇ ਅਰਦਾਸਾਂ ਕਰ ਕੇ, ਇਨਾਂ ਕਾਰਵਾਈਆਂ ਨੂੰ ਪੂਰਿਆਂ ਕਰਨ ਦਾ ਦਰਿੜ ਸੰਕਲਪ ਕਰਦੇ ਸਨ। ਇਥੋਂ ਹੀ ਸਰਬਤ ਖ਼ਾਲਸਾ ਦੇ ਇਕਠੇ ਹੋਣ ਦੀ ਅਤੇ ਗੁਰਮਤੇ ਪਾਸ ਕਰਨ ਦੀ ਰਵਾਇਤ ਸ਼ੁਰੂ ਹੁੰਦੀ ਹੈ।

ਅਠਾਰਵੀਂ ਸਦੀ ਦੇ ਚੌਥੇ ਦਹਾਕੇ ਤਕ ਜੰਗੀ ਖ਼ਾਲਸੇ ਦਾ ਬਲ ਕਾਫੀ ਹਦ ਤਕ ਵਧ ਗਿਆ ਸੀ ਅਤੇ ਇਸ ਸਮੇਂ ਤਕ ਸਰਕਾਰ ਪਖੀ ਅਖਾਉਤੀ ਤਤ-ਖਾਲਸਿਆਂ ਦਾ ਸਿਖਾਂ ਅਤੇ ਸਿਖ ਧਾਰਮਿਕ ਅਸਥਾਨਾਂ ਉਪਰ ਪਿਆ ਗਲਬਾ ਵੀ ਕਮਜ਼ੋਰ ਹੋ ਚੁਕਿਆ ਸੀ। ਚਾਰੇ ਪਾਸਿਓਂ ਸਿੰਘਾਂ ਦੇ ਜੰਗੀ ਜਥਿਆਂ ਅਤੇ ਸਰਕਾਰੀ ਸੈਨਿਕ ਟੁਕੜੀਆਂ ਵਿਚਕਾਰ ਝੜਪਾਂ ਹੋਣ ਦੀਆਂ ਘਟਨਾਵਾਂ ਵਾਪਰਦੀਆਂ ਸਨ ਪਰ ਇਸ ਸਮੇਂ ਸਿੰਘਾਂ ਦੇ ਇਹ ਜੰਗੀ ਜਥੇ ਕਿਸੇ ਇਕ ਲੀਡਰਸ਼ਿਪ ਹੇਠ ਜਥੇਬੰਦ ਨਹੀਂ ਸਨ ਸਗੋਂ ਵਖਰੇ ਵਖਰੇ ਆਜ਼ਾਦਾਨਾ ਤੌਰ 'ਤੇ ਹੀ ਵਿਚਰਦੇ ਸਨ। ਭਾਈ ਮਨੀ ਸਿੰਘ ਜੀ, ਜੋ ਉਸ ਸਮੇਂ ਸਿਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਨ,

Digitized by Panjab Digital Library | www.panjabdigilib.org

ਨੇ ਇਨਾਂ ਖਿੰਡੇ-ਪੁੰਡੇ ਜੰਗੀ-ਜਥਿਆਂ ਨੂੰ ਇਕ ਲੀਡਰਸ਼ਿਪ ਹੇਠ ਇਕਠੇ ਹੋਣ ਦੀ ਸਲਾਹ ਦਿਤੀ। ਫਲਸਰੂਪ, 1733-34 ਈ. ਦੀ ਬਿਸਾਖੀ ਨੂੰ ਸਾਰੇ ਜੰਗੀ ਜਥੇ ਸਰਬਤ ਖਾਲਸੇ ਦੇ ਰੂਪ ਵਿਚ ਸਿਰੀ ਅਕਾਲ ਤਖਤ ਸਾਹਿਬ 'ਤੇ ਇਕਠੇ ਹੋਏ ਅਤੇ ਸਰਬਸੰਮਤੀ ਰਾਹੀਂ ਕੀਤੇ ਗਏ ਗੁਰਮਤੇ ਦੁਆਰਾ ਸਰਦਾਰ ਕਪੂਰ ਸਿੰਘ ਫ਼ੈਜ਼ੁਲਪੁਰੀਏ ਨੂੰ ਜੰਗੀ ਖਾਲਸੇ ਦਾ ਆਗੂ ਚੁਣ ਲਿਆ। ਇਸ ਸਮੇਂ ਇਕਠੇ ਹੋਏ ਖ਼ਾਲਸੇ ਵਿਚ ਆਪਣੀ ਸ਼ਕਤੀ ਦਾ ਇਤਨਾ ਭਰੋਸਾ ਸੀ ਕਿ ਉਨਾਂ ਨੇ ਆਪਣੇ ਨੇਤਾ ਨੂੰ ਲਾਹੌਰ ਦੇ ਸੂਬੇਦਾਰ ਦੇ ਬਰਾਬਰ ਦਾ ਹਾਕਮ ਦਰਸਾਉਣ ਲਈ 'ਨਵਾਬ' ਦਾ ਵਿਸ਼ੇਸ਼ਣ ਲਾ ਦਿਤਾ ਜਿਸ ਕਰਕੇ ਅਗੇ ਤੋਂ ਕਪੂਰ ਸਿੰਘ ਨੂੰ ਨਵਾਬ ਕਪੂਰ ਸਿੰਘ ਕਹਿ ਕੇ ਪੁਕਾਰਿਆ ਜਾਣਾ ਸ਼ੁਰੂ ਹੋਇਆ।

ਨਵਾਬ ਕਪੂਰ ਸਿੰਘ ਭਾਵੇਂ ਇਕ ਸਾਧਾਰਨ ਘਰ ਦਾ ਜੰਮਪਲ ਸੀ ਅਤੇ ਨੇਤਾ ਚੁਣੇ ਜਾਣ ਬਾਦ ਇਸ ਸਾਧਾਰਣ ਸਥਿਤੀ ਤੋਂ ਉਠੇ ਹੋਏ ਵਿਅਕਤੀ ਨੇ, ਹੈਰਾਨ ਕਰਨ ਵਾਲੇ ਕਾਰਨਾਮੇ ਕੀਤੇ ਸਨ। ਇਨਾਂ ਕਾਰਨਾਮਿਆਂ ਦਾ ਵੇਰਵਾ ਦੇਣ ਤੋਂ ਪਹਿਲਾਂ ਇਸ ਗਲ ਨੂੰ ਧਿਆਨ ਵਿਚ ਰਖਣਾ ਅਤੀ ਜ਼ਰੂਰੀ ਹੈ ਕਿ ਨਵਾਬ ਕਪੂਰ ਸਿੰਘ ਦੇ ਨੇਤਾ ਚੁਣੇ ਜਾਣ ਸਮੇਂ ਸਿਖਾਂ ਵਿਚ ਬਾਵਾ ਬਿਨੋਦ ਸਿੰਘ ਅਤੇ ਬਾਵਾ ਕਾਹਨ ਸਿੰਘ ਵਰਗੇ ਵਿਅਕਤੀ ਵੀ ਸਨ ਜਿਹੜੇ ਆਪਣੇ ਆਪ ਨੂੰ ਗੁਰੂ ਅਮਰਦਾਸ ਜੀ ਦੀ ਵੰਸ਼ ਵਿਚੋਂ ਦਸ ਕੇ ਸਿਖਾਂ ਵਿਚ ਨੇਤਾ ਬਣਨ ਦੀ ਤਾਕ ਵਿਚ ਸਨ। ਇਨਾਂ ਵਿਅਕਤੀਆਂ ਨੇ ਗੁਰੂ-ਵੰਸ਼ ਹੋਣ ਦੇ ਹੰਕਾਰ ਵਿਚ ਹੀ ਬੰਦਾ ਸਿੰਘ ਬਹਾਦਰ ਦਾ ਸਾਥ ਛਡ ਕੇ ਸਰਕਾਰ ਦਾ ਸਾਥ ਦਿਤਾ ਅਤੇ ਇਸ ਦੇ ਇਵਜ਼ਾਨੇ ਵਜੋਂ ਸਰਕਾਰ ਵਲੋਂ ਸਿਰੀ ਦਰਬਾਰ ਸਾਹਿਬ ਅੰਮਿਰਤਸਰ ਦਾ ਪਰਬੰਧ ਲਿਆ। ਕਈ ਸਾਲਾਂ ਤਕ ਇਨਾਂ ਨੇ ਬੰਦਾ ਸਿੰਘ ਬਹਾਦਰ ਦੇ ਜੰਗੀ ਸਾਥੀਆਂ ਨੂੰ 'ਬੰਦਈ' 'ਬੰਦਈ' ਕਹਿ ਕੇ ਭੰਡਿਆ। ਜਦੋਂ ਵੀ ਜੰਗੀ ਖਾਲਸੇ ਨੇ ਸਿਰੀ ਦਰਬਾਰ ਸਾਹਿਬ ਵਿਖੇ ਦਿਵਾਲੀ ਜਾ ਬੈਸਾਖੀ ਆਦਿ ਦਿਹਾੜਿਆਂ 'ਤੇ ਪਹੁੰਚ ਕੇ ਸਿਖਾਂ ਨੂੰ ਇਨਾਂ ਬਾਵਿਆਂ ਦੇ ਰੋਲ ਬਾਰੇ ਦਸਣ ਦੀ ਕੋਸ਼ਿਸ਼ ਕੀਤੀ ਤਾਂ ਇਨਾਂ ਨੇ ਸਰਕਾਰ ਦੀ ਪੁਲੀਸ ਬੁਲਾ ਕੇ ਇਨਾਂ ਜੰਗੀ ਸਿੰਘਾਂ ਨੂੰ ਬਾਹਰ ਕਢਵਾਇਆ। ਖਾਲਸਾ ਪੰਥ ਇਨਾਂ ਦੀ ਸਰਕਾਰ ਪਖੀ ਨੀਤੀ ਤੋਂ ਇਤਨਾ ਤੰਗ ਆ ਗਿਆ ਸੀ ਕਿ ਨਵਾਬ ਕਪੂਰ ਸਿੰਘ ਦੇ ਰੂਪ ਵਿਚ ਇਕ ਸਾਧਾਰਨ ਵਿਅਕਤੀ ਨੂੰ ਤਾਂ ਆਪਣਾ ਨੇਤਾ ਚੁਣ ਲਿਆ ਪਰ ਇਨਾਂ ਬਾਵਿਆਂ ਨੂੰ, ਜਿਨਾਂ ਨੇ ਗੁਰੂ-ਅੰਸ਼ ਹੋਣ ਦੀ ਹੈਂਕੜ ਵਿਚ ਬੰਦਾ ਸਿੰਘ ਬਹਾਦਰ ਨਾਲ ਗਦਾਰੀ ਕੀਤੀ ਸੀ, ਲੀਡਰਸ਼ਿਪ ਦੇ ਨੇੜੇ ਵੀ ਨਹੀਂ ਖੜਕਨ ਦਿਤਾ। ਨਵਾਬ ਕਪੂਰ ਸਿੰਘ ਨੇ ਪਿਛੋਂ ਜਿਹੜੇ ਤਰੁਨਾ ਦਲ ਦੇ ਪੰਜ ਜਥੇ ਬਣਾਏ ਸਨ ਉਨਾਂ ਵਿਚ ਇਨਾਂ ਦਾ ਸਿਰਫ ਪੰਜਵਾ ਜਥਾ ਹੀ ਸੀ। ਇਸ ਜਥੇ ਵਿਚ ਵੀ ਸਿਰਫ ਉਹੀ ਵਿਅਕਤੀ ਸਨ ਜਿਹੜੇ ਇਨਾਂ ਦੇ ਹੀ ਖਾਨਦਾਨ ਨਾਲ ਸਬੰਧ ਰਖਦੇ ਸਨ।

ਨਵਾਬ ਕਪੂਰ ਸਿੰਘ ਨੇ ਨੇਤਾ ਬਣਦੇ ਸਾਰ ਹੀ ਜੰਗੀ ਸਿੰਘਾਂ ਨੂੰ ਬੁਢਾ ਦਲ ਅਤੇ ਤਰੁਨਾ ਦਲ ਵਿਚਕਾਰ ਵੰਡ ਕੇ ਜਥੇਬੰਦ ਕੀਤਾ। ਵਡੇਰੀ ਉਮਰ ਦੇ ਸਿੰਘ ਬੁਢਾ ਦਲ ਵਿਚ ਰਖੇ ਗਏ ਅਤੇ ਜੁਆਨ ਸਿੰਘਾਂ ਨੂੰ ਤਰੁਨਾ ਦਲ ਵਿਚ ਰਖਿਆ ਗਿਆ। ਤਰੁਨਾ ਦਲ ਨੂੰ ਅਗੋਂ ਪੰਜ ਜਥਿਆਂ ਵਿਚ ਵੰਡ ਦਿਤਾ ਗਿਆ। ਇਨਾਂ ਪੰਜੇ ਜਥਿਆਂ ਦੇ ਹੈਡ-ਕੁਆਰਟਰ

Digitized by Panjab Digital Library / www.panjabdigilib.org

ਅੰਮਰਿਤਸਰ ਵਿਖੇ ਹੀ ਵਖ ਵਖ ਸਰੋਵਰਾਂ ਉਪਰ ਨੀਅਤ ਕੀਤੇ ਗਏ ਸਨ। ਦੋਵੇਂ ਦਲ—ਬੁਢਾ ਅਤੇ ਤਰੁਨਾ—ਬੈਸਾਖੀ ਅਤੇ ਦਿਵਾਲੀ ਨੂੰ ਸਰਬਤ ਖ਼ਾਲਸੇ ਦੇ ਰੂਪ ਵਿਚ, ਸਿਰੀ ਅਕਾਲ ਤਖਤ ਸਾਹਿਬ ਉਪਰ ਇਕਠੇ ਹੁੰਦੇ ਸਨ। ਇਸ ਸਭ ਕੁਝ ਦੇ ਪਿਛੇ ਸਿਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਭਾਈ ਮਨੀ ਸਿੰਘ ਜੀ ਦੀ ਹੀ ਸਲਾਹ ਕੰਮ ਕਰਦੀ ਸੀ। ਇਉਂ ਜਦ ਖ਼ਾਲਸਾ ਪੰਥ ਮੁੜ ਤੋਂ ਸੈਨਿਕ ਤਾਕਤ ਦਾ ਰੂਪ ਧਾਰਨ ਕਰਨ ਲਗਾ ਤਾਂ ਹਕੂਮਤ ਨੇ ਇਸ ਤਾਕਤ ਨੂੰ ਘਟਾਉਣ ਲਈ ਭਾਈ ਮਨੀ ਸਿੰਘ ਜੀ ਨੂੰ ਫੜ ਕੇ ਸ਼ਹੀਦ ਕਰ ਦਿਤਾ। ਭਾਈ ਮਨੀ ਸਿੰਘ ਜੀ ਦੀ ਸ਼ਹਾਦਤ ਲੂੰ-ਕੰਡੇ ਖੜੇ ਕਰਨ ਵਾਲੀ ਸੀ। ਭਾਈ ਸਾਹਿਬ ਤੋਂ ਜੰਗੀ ਜਥਿਆਂ ਦੇ ਗੁਪਤ ਠਿਕਾਣਿਆਂ ਬਾਰੇ ਪੁਛਿਆ ਜਾਂਦਾ ਸੀ ਪਰ ਜਦੋਂ ਭਾਈ ਸਾਹਿਬ ਕੋਲੋਂ ਕੁਛ ਵੀ ਪੁਛਿਆ ਨਾ ਜਾ ਸਕਿਆ ਤਾਂ ਹਕੂਮਤ ਨੇ ਭਾਈ ਸਾਹਿਬ ਨੂੰ ਅਤੀ ਦਰਦਮਈ ਤਸੀਹੇ ਦੇ ਕੇ ਸ਼ਹੀਦ ਕਰ ਦਿਤਾ। ਭਾਈ ਸਾਹਿਬ ਦੇ ਹਰ ਇਕ ਅੰਗ ਨੂੰ ਵਾਰੀ ਵਾਰੀ ਕਟਿਆ ਗਿਆ। ਭਾਈ ਸਾਹਿਬ ਨੇ ਅੰਗ ਅੰਗ ਕਟਵਾ ਕੇ ਸ਼ਹਾਦਤ ਦੇਣੀ ਤਾਂ ਪਰਵਾਨ ਕਰ ਲਈ ਪਰ ਜੰਗੀ ਸਿੰਘਾਂ ਦੇ ਜਥਿਆਂ ਦੇ ਗੁਪਤ ਠਿਕਾਣਿਆਂ ਦਾ ਪਤਾ ਨਹੀਂ ਦਸਿਆ।

ਜਦੋਂ ਤਰੁਨਾ ਦਲ ਦੇ ਸਿੰਘਾਂ ਦੀ ਗਿਣਤੀ ਬਹੁਤ ਜ਼ਿਆਦਾ ਵਧ ਗਈ ਅਤੇ ਪੰਜ ਦੀ ਥਾਂ ਅਨੇਕਾਂ ਜਥੇ (65) ਬਣ ਗਏ ਤਾਂ ਸਾਰੇ ਜਥਿਆਂ ਨੂੰ ਫਿਰ ਤੋਂ ਇਕ ਲੀਡਰਸ਼ਿਪ ਹੇਠ ਅਤੇ ਇਕ ਜਥੇਬੰਦੀ ਵਿਚ ਪਰੋਣ ਦੀ ਲੋੜ ਮਹਿਸੂਸ ਹੋਈ। 1748 ਈ. ਦੀ ਬੈਸਾਖੀ ਨੂੰ ਸਾਰੇ ਜੰਗੀ ਜਥੇ ਸਰਬਤ ਖ਼ਾਲਸੇ ਦੇ ਰੂਪ ਵਿਚ ਸਿਰੀ ਅਕਾਲ ਤਖ਼ਤ ਸਾਹਿਬ 'ਤੇ ਇਕਠੇ ਹੋਏ। ਇਸ ਸਮਾਗਮ ਵਿਚ ਬੁਢਾ ਦਲ ਤੇ ਤਰੁਨਾ ਦਲ ਦੀ ਥਾਂ ਤੇ ਨਵੀਂ ਜਥੇਬੰਦੀ 'ਦਲ ਖ਼ਾਲਸਾ' ਸਥਾਪਤ ਕੀਤੀ ਗਈ। ਇਸ ਜਥੇਬੰਦੀ ਦੀਆਂ ਗਿਆਰਾਂ ਇਕਾਈਆਂ ਸਨ। ਗਿਆਰਾਂ ਇਕਾਈਆਂ ਦੇ ਅਲਗ ਅਲਗ ਨੇਤਾ ਚੁਣੇ ਗਏ ਅਤੇ ਸਮੂਹ ਇਕਾਈਆਂ ਦਾ ਸਾਂਝਾ ਨੇਤਾ ਨਵਾਬ ਕਪੂਰ ਸਿੰਘ ਦੀ ਥਾਂ ਤੇ ਸਰਦਾਰ ਜਸਾ ਸਿੰਘ ਆਹਲੂਵਾਲੀਆਂ ਨੂੰ ਚੁਣਿਆ ਗਿਆ।

ਇਸ ਤਰਾਂ ਦਲ ਖ਼ਾਲਸੇ ਦੀਆਂ ਸਾਰੀਆਂ ਕਾਰਵਾਈਆਂ ਦਾ ਕੇਂਦਰ ਸਿਰੀ ਅਕਾਲ ਤਖ਼ਤ ਸਾਹਿਬ ਬਣ ਗਿਆ ਸੀ। ਜਿਸ ਵੀ ਮਸਲੇ ਬਾਰੇ ਪੰਥ ਨੇ ਇਕ ਰਾਏ ਕਰਨੀ ਹੁੰਦੀ ਤਾਂ ਸਾਰੇ ਜੰਗੀ ਜਥੇ ਬੈਸਾਖੀ ਜਾਂ ਦਿਵਾਲੀ ਨੂੰ ਸਿਰੀ ਅਕਾਲ ਤਖ਼ਤ ਵਿਖੇ ਇਕਠੇ ਹੁੰਦੇ ਅਤੇ ਸਰਬਸੰਮਤੀ ਨਾਲ ਗੁਰਮਤਾ ਕਰਦੇ। ਸਰਬਤ ਖ਼ਾਲਸੇ ਦੇ ਇਕਠਾ ਹੋਣ ਲਈ ਜਾਂ ਗੁਰਮਤੇ ਕਰਨ ਦੀ ਕੋਈ ਖਾਸ ਸੀਮਾ ਨਹੀਂ ਸੀ ਸਗੋਂ ਜਿਸ ਵੀ ਖੇਤਰ ਵਿਚਲੇ ਮਸਲੇ ਬਾਰੇ ਇਕਮਤ ਕਾਇਮ ਕਰਨ ਦੀ ਲੋੜ ਹੁੰਦੀ, ਉਸੇ ਨੂੰ ਹੀ ਸੋਚਿਆ ਵਿਚਾਰਿਆ ਜਾਂਦਾ ਸੀ। ਖੇਤਰ ਭਾਵੇਂ ਰਾਜਨੀਤਕ, ਧਾਰਮਿਕ ਜਾਂ ਸੈਨਿਕ ਕਿਸਮ ਦਾ ਵੀ ਕਿਉਂ ਨਾ ਹੁੰਦਾ। ਕੁਝ ਖਾਸ ਮਸਲੇ, ਜਿਨਾਂ ਬਾਰੇ ਸਿਖ ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਅਤੇ ਜਿਨਾਂ ਨੂੰ ਸਿਰੀ ਅਕਾਲ ਤਖ਼ਤ ਸਾਹਿਬ ਉਪਰ ਨਜਿਠਿਆ ਗਿਆ ਸੀ, ਇਸ ਤਰਾਂ ਹਨ : ਜਥੇਬੰਦੀ ਕਾਇਮ ਕਰਨਾ; ਨੇਤਾ ਚੁਣਨਾ; ਜੰਗੀ ਨੀਤੀ ਤਹਿ ਕਰਨਾ; ਦੁਸ਼ਮਣਾਂ ਅਤੇ ਮੁਖ਼ਬਰਾਂ ਨੂੰ ਸੋਧਣ ਬਾਰੇ; ਖ਼ਾਲਸੇ

Digitized by Panjab Digital Library | www.panjabdigilib.org

ਦਾ ਸਿਕਾ ਚਲਾਉਣ ਬਾਰੇ; ਸਿਕੇ ਉਪਰਲੀ ਇਬਾਰਤ ਬਾਰੇ; ਹਕੂਮਤ ਨਾਲ ਜਾਂ ਕਿਸੇ ਵੀ ਹੋਰ ਧਿਰ ਨਾਲ ਸਮਝੌਤਾ ਕਰਨ ਬਾਰੇ; ਸਿਖ ਜਥੇਬੰਦੀਆਂ (ਮਿਸਲਾਂ) ਦੇ ਆਪਸੀ ਝਗੜਿਆਂ ਦਾ ਨਿਬੇੜਾ ਕਰਨ ਬਾਰੇ; ਸਿਰੀ ਦਰਬਾਰ ਸਾਹਿਬ ਦੀ ਕਾਰ ਸੇਵਾ ਬਾਰੇ; ਕਿਸੇ ਸਿਧਾਂਤਕ ਮਤਭੇਦ ਬਾਰੇ ਆਦਿ ਆਦਿ। ਮਹਾਰਾਜਾ ਰਣਜੀਤ ਸਿੰਘ ਸਮੇਂ ਵਖ ਵਖ ਇਲਾਕਿਆਂ ਨੂੰ ਫਤਹਿ ਕਰਨ ਲਈ ਭੇਜੀਆਂ ਗਈਆਂ ਮੁਹਿੰਮਾ ਨੂੰ ਆਸ਼ੀਰਵਾਦ ਦੇਣ ਲਈ ਵੀ ਸਿਰੀ ਅਕਾਲ ਤਖ਼ਤ ਸਾਹਿਬ ਤੋਂ ਫੁਰਮਾਨ ਜਾਰੀ ਹੋਣ ਦੇ ਵੇਰਵੇ ਮਿਲਦੇ ਹਨ ਜਿਵੇਂ ਕਿ ਮੁਲਤਾਨ ਦੀ ਮੁਹਿੰਮ ਸਮੇਂ ਇਹ ਗਲ ਸਾਹਮਣੇ ਆਉਂਦੀ ਹੈ।

ਉਕਤ ਗਲਾਂ ਦੀ ਰੋਸ਼ਨੀ ਵਿਚ ਇਹ ਕਹਿਣ ਵਿਚ ਕੋਈ ਅਤਿ ਕਥਨੀ ਨਹੀਂ ਹੋਵੇਗੀ ਕਿ ਸਿਰੀ ਅਕਾਲ ਤਖ਼ਤ ਸਾਹਿਬ ਸਿਖਾਂ ਦੇ ਧਾਰਮਿਕ, ਰਾਜਨੀਤਕ, ਸੈਨਿਕ ਅਤੇ ਸਮਾਜਿਕ ਸਭ ਕਿਸਮ ਦੇ ਮਸਲਿਆਂ ਦਾ ਕੇਂਦਰ ਰਿਹਾ ਹੈ।

## III

ਸਿਰੀ ਅਕਾਲ ਤਖਤ ਸਾਹਿਬ ਨਾਲ ਸਬੰਧਤ ਸੰਸਥਾ ਸਰਬਤ ਖਾਲਸੇ ਦੀ ਹੈ। ਅਸਲ ਵਿਚ ਜਿਵੇਂ ਸਿਰੀ ਅਕਾਲ ਤਖਤ ਸਾਹਿਬ ਸਿਖਾਂ ਦਾ ਇਕ ਪਰਭੂਸਤਾਸ਼ਾਲੀ ਕੇਂਦਰੀ ਅਸਥਾਨ ਹੈ ਉਸੇ ਤਰਾਂ ਸਰਬਤ ਖਾਲਸਾ ਇਸ ਦੀ ਪਰਭੂਸਤਾਸ਼ਾਲੀ ਪਾਰਲੀਮੈਂਟ ਹੈ। ਜਿਤਨੇ ਵੀ ਜਾਂ ਜਿਹੜੇ ਵੀ ਮਸਲੇ ਸਿਰੀ ਅਕਾਲ ਤਖ਼ਤ ਸਾਹਿਬ ਉਪਰ ਨਜਿਠਣ ਲਈ ਲਿਆਏ ਜਾਂਦੇ ਹਨ ਉਨਾਂ ਸਭ ਨੂੰ ਸਰਬਤ ਖਾਲਸਾ ਹੀ ਨਜਿਠਦਾ ਹੈ। ਸਰਬਤ ਖਾਲਸਾ ਤੋਂ ਸਿਧਾ ਅਖਰੀ ਅਰਥ ਤਾਂ ਸਮੂਹ ਖਾਲਸਾ ਪੰਥ ਤੋਂ ਹੈ ਪਰ ਜਦੋਂ ਇਸ ਦੇ ਭਾਵ ਅਰਥਾਂ ਨੂੰ ਸਿਰੀ ਅਕਾਲ ਤਖ਼ਤ ਸਾਹਿਬ ਉਪਰ ਜੁੜੀ ਪਾਰਲੀਮੈਂਟ ਦੇ ਰੂਪ ਵਿਚ ਲੈਂਦੇ ਹਾਂ ਤਾਂ ਇਹ ਸਮੂਹ ਖਾਲਸਾ ਪੰਥ ਦੀ ਪਰਤੀਨਿਧਤਾ ਕਰਨ ਵਾਲੀ ਸਭਾ ਦੇ ਰੂਪ ਵਿਚ ਦਰਸਾਏ ਜਾਂਦੇ ਹਨ। ਇਉਂ ਇਸ ਦੀ ਗਿਣਤੀ ਮਿਣਤੀ ਦੀ ਕੋਈ ਸੀਮਾ ਨਹੀਂ ਹੈ। ਇਹ ਗਿਣਤੀ ਮਿਣਤੀ ਸੈਂਕੜਿਆਂ ਵਿਚ ਵੀ ਹੋ ਸਕਦੀ ਹੈ ਅਤੇ ਹਜ਼ਾਰਾਂ ਵਿਚ ਵੀ। ਵਿਸ਼ੇਸ਼ਤਾ ਤਾਂ ਇਸ ਇਕਤਰਤਾ ਦੀ ਇਹ ਦੇਖਣ ਦੀ ਹੈ ਕਿ ਇਹ ਇਕਠ ਖਾਲਸਾ ਪੰਥ ਦੀ ਕਿੰਨੀ ਕੁ ਨੁਮਾਇੰਦਗੀ ਕਰਦਾ ਹੈ। ਜਿਨਾਂ ਦੇਸ਼ਾਂ ਵਿਚ ਪਾਰਲੀਮੈਂਟਰੀ ਸਿਸਟਮ ਪਰਚਲਤ ਹਨ ਉਥੇ ਦੇਸ਼ ਦੀ ਸਮੁਚੀ ਵਸੋਂ ਦੀ ਪਰਤੀਨਿਧਤਾ ਨੂੰ ਪਾਰਲੀਮੈਂਟ ਦੇ ਮੈਂਬਰਾਂ ਰਾਹੀਂ ਹੀ ਮੰਨਿਆ ਜਾਂਦਾ ਹੈ। ਜਿਵੇਂ ਕਿ ਭਾਰਤ ਦੇਸ਼ ਦੀ ਆਬਾਦੀ ਭਾਵੇਂ ਅਸੀ ਕਰੋੜ ਤੋਂ ਵੀ ਜ਼ਿਆਦਾ ਹੈ ਪਰ ਇਸ ਸਮੁਚੀ ਆਬਾਦੀ ਦੀ ਪਰਤੀਨਿਧਤਾ ਕਰਨ ਵਾਲੀ ਪਾਰਲੀਮੈਂਟ ਦੇ ਮੈਂਬਰਾਂ ਦੀ ਗਿਣਤੀ ਸਿਰਫ ਪੰਜ ਸੌ ਚਾਲੀ ਹੈ। ਇਸੇ ਤਰ੍ਹਾਂ ਸਰਬਤ ਖਾਲਸਾ, ਸਿਖ ਕੌਮ ਦੀ ਪਾਰਲੀਮੈਂਟ ਹੈ ਅਤੇ ਇਸ ਦੇ ਸਮਾਗਮਾਂ

Digitized by Panjab Digital Library | www.panjabdigilib.org

ਨੂੰ ਪਾਰਲੀਮੈਂਟ ਦੇ ਸਮਾਗਮਾਂ ਦੀ ਤਰਾਂ ਹੀ ਲੈਣਾ ਚਾਹੀਦਾ ਹੈ। ਜੋ ਇਕਠ ਸਰਬਤ ਖਾਲਸੇ ਦਾ ਸਿਰੀ ਅਕਾਲ ਤਖ਼ਤ ਸਾਹਿਬ 'ਤੇ ਹੁੰਦਾ ਹੈ ਉਸ ਵਿਚ ਸਮੁਚੀ ਸਿਖ ਕੌਮ ਦੇ ਹਰ ਵਰਗ ਦੇ ਪਰਤੀਨਿਧ ਹੋਣੇ ਜ਼ਰੂਰੀ ਹਨ। ਇਹ ਪਰਤੀਨਿਧ ਸੈਂਕੜਿਆਂ ਦੀ ਗਿਣਤੀ ਵਿਚ ਵੀ ਹੋ ਸਕਦੇ ਹਨ ਅਤੇ ਹਜ਼ਾਰਾਂ ਦੀ ਗਿਣਤੀ ਵਿਚ ਵੀ। ਕਈ ਸਨਕੀ ਕਿਸਮ ਦੇ ਲੋਕ ਜਾਂ ਉਹ ਲੋਕ ਜਿਹੜੇ ਸਰਬਤ ਖਾਲਸੇ ਨੂੰ ਮਧਯੁਗ ਦੀ ਗਲ ਕਹਿ ਕੇ ਛੁਟਿਆਉਂਦੇ ਹਨ ਜਾਂ ਜਿਨਾਂ ਲੋਕਾਂ ਦੇ ਮੁਆਰਥ ਸਰਬਤ ਖਾਲਸੇ ਦੇ ਸਮਾਗਮਾਂ ਰਾਹੀਂ ਪੂਰੇ ਨਹੀਂ ਹੁੰਦੇ ਉਨਾਂ ਦਾ ਜ਼ੋਰ ਇਸ ਗਲ ਤੇ ਹੀ ਲਗਿਆ ਰਹਿੰਦਾ ਹੈ ਕਿ ਜੀ ਸਰਬਤ ਖਾਲਸਾ ਤਾਂ ਤਦ ਹੀ ਸਹੀ ਹੋ ਸਕਦਾ ਹੈ ਜੇ ਸਿਖਾਂ ਦਾ ਬਚਾ ਬਚਾ ਸਿਰੀ ਅਕਾਲ ਤਖ਼ਤ ਸਾਹਿਬ 'ਤੇ ਇਕਠਾ ਹੋਵੇ। ਫਿਰ ਉਹ ਅਗਲੀ ਦਲੀਲ ਦਿੰਦੇ ਹਨ ਕਿ ਦੋ ਕਰੋੜ ਦੀ ਆਬਾਦੀ ਸਿਰੀ ਅਕਾਲ ਤਖ਼ਤ ਸਾਹਿਬ 'ਤੇ ਕਿਵੇਂ ਇਕਠੀ ਹੋ ਸਕਦੀ ਹੈ ? ਅਜਿਹੇ ਲੋਕਾਂ ਨੂੰ ਸਿਰਫ ਦੋ ਹੀ ਜਵਾਬ ਹਨ : ਇਕ ਇਹ ਕਿ ਅਠਾਰਵੀਂ ਸਦੀ ਵਿਚ ਸਿਖ, ਸਾਲ ਵਿਚ ਦੋ ਵਾਰ ਬੈਸਾਖੀ ਅਤੇ ਦਿਵਾਲੀ ਦੇ ਮੌਕਿਆਂ 'ਤੇ, ਸਿਰੀ ਅਕਾਲ ਤਖ਼ਤ ਸਾਹਿਬ ਉਪਰ ਇਕਠੇ ਹੁੰਦੇ ਸੀ ਅਤੇ ਇਥੇ ਹਰ ਕਿਸਮ ਦੇ ਮਸਲੇ ਨਜਿਠਦੇ ਸੀ। ਉਨਾਂ ਸਮਾਗਮਾਂ ਵਿਚ ਕੀ ਸਾਰੀ ਦੀ ਸਾਰੀ ਕੌਮ (ਬੁਢਿਆਂ ਤੋਂ ਬਚਿਆਂ ਤੀਕ) ਇਕਠੀ ਹੁੰਦੀ ਸੀ ? ਇਤਿਹਾਸ ਗਵਾਹ ਹੈ ਕਿ ਉਨਾਂ ਬਿਖੜੇ ਸਮਿਆਂ ਵਿਚ ਵੀ ਸਿਖ ਕੌਮ ਨੇ ਆਪਣੇ ਵਡੇ ਤੋਂ ਵਡੇ ਦੁਸ਼ਮਣ (ਮੀਰ ਮਨੂੰ ਤੇ ਅਬਦਾਲੀ) ਨੂੰ ਹਰਾ ਕੇ ਆਪਣਾ ਸੁਤੰਤਰ ਰਾਜ ਕਾਇਮ ਕਰ ਲਿਆ ਸੀ। ਜਿਨਾਂ ਵੀ ਇਤਿਹਾਸਕਾਰਾਂ ਨੇ ਅਠਾਰਵੀਂ ਸਦੀ ਦੇ ਸਰਬਤ ਖਾਲਸੇ ਦੇ ਸਮਾਗਮਾਂ ਬਾਰੇ ਲਿਖਿਆ ਹੈ ਉਨਾਂ ਸਭ ਨੇ ਇਸ ਸੰਸਥਾ ਦੀ ਬਹੁਤ ਜ਼ਿਆਦਾ ਪਰਸੰਸਾ ਕੀਤੀ ਹੈ। ਅਜ ਇਸ ਸੰਸਥਾ ਤੋਂ ਦੂਰ ਖੜੇ ਅਤੇ ਬਾਹਮਣਵਾਦੀ ਸੋਚ ਵਿਚੋਂ ਪੈਦਾ ਹੋਈ ਸਿਰਾਂ ਦੀ ਗਿਣਤੀ ਦੀ ਚੋਣ ਪਰਣਾਲੀ ਵਿਚ ਜਕੜੇ ਹੋਏ ਉਕਤ ਕਿਸਮ ਦੇ ਸਨਕੀ ਕਿਸਮ ਦੇ ਲੋਕ ਕੀ ਇਹ ਦਸ ਸਕਦੇ ਹਨ ਕਿ ਉਨਾਂ ਦੀ ਅਜ ਕਿਹੜੀ ਪਰਾਪਤੀ ਹੈ ? ਉਕਤ ਕਿਸਮ ਦੇ ਲੋਕ ਇਹ ਤਾਂ ਮੰਨਣ ਲਈ ਤੁਰੰਤ ਤਿਆਰ ਹੋ ਜਾਂਦੇ ਹਨ ਕਿ ਵਰਤਮਾਨ ਚੋਣ ਪਰਣਾਲੀ (ਜਿਹੜੀ ਨਿਰੋਲ ਬਾਹਮਣਵਾਦ ਦੀ ਦੇਣ ਹੈ) ਵਿਚ ਪੈਂਤੀ ਪਰਤੀਸ਼ਤ ਵੋਟਾਂ ਲੈ ਜਾਣ ਵਾਲੀ ਪਾਰਟੀ ਸਰਕਾਰ ਬਣਾਉਣ ਦੇ ਯੋਗ ਹੈ ਅਤੇ ਪੂਰੇ ਪੰਜ ਸਾਲ ਸਾਰੇ ਦੇਸ਼ ਦੀ ਪਰਤੀਨਿਧਤਾ ਕਰਦੀ ਹੈ ਪਰ ਇਹ ਲੋਕ ਇਹ ਮੰਨਣ ਲਈ ਕਦੇ ਤਿਆਰ ਨਹੀਂ ਹੋਣਗੇ ਕਿ ਸਿਰੀ ਅਕਾਲ ਤਖ਼ਤ ਸਾਹਿਬ ਤੇ ਜੁੜਿਆ ਸਰਬਤ ਖਾਲਸਾ ਸਮੁਚੇ ਪੰਥ ਦਾ ਪਰਤੀਨਿਧ ਹੈ।

ਦੂਜਾ, ਅਜਿਹੇ ਲੋਕਾਂ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਜਿਨਾਂ ਦੇਸ਼ਾਂ ਵਿਚ ਸਿਧਾ ਲੋਕ ਰਾਜ ਹੈ ਉਥੇ ਹਕੂਮਤੀ ਢਾਂਚਾ ਕਿਵੇਂ ਚਲਦਾ ਹੈ। ਸਿਧੇ ਲੋਕਰਾਜ ਤੋਂ ਭਾਵ ਹੈ ਕਿ ਸਮੂਹ ਲੋਕਾਂ ਨੇ ਸਾਹਮਣੇ ਮਥੇ ਹੀ, ਬਿਨਾ ਕਿਸੇ ਚੋਣ ਪਰਣਾਲੀ ਦੇ ਅਤੇ ਬਿਨਾ ਕਿਸੇ ਗੁਪਤ ਵੋਟ ਦੇ ਆਪਣੇ ਪਰਤੀਨਿਧਾਂ ਨੂੰ ਚੁਣਨਾ ਹੁੰਦਾ ਹੈ। ਜਿਵੇਂ ਕਿ ਸਵਿਟਜ਼ਰਲੈਂਡ ਵਿਚ ਹੈ। ਉਥੇ ਦੀ ਆਬਾਦੀ ਵੀ ਕਰੋੜਾਂ ਵਿਚ ਹੈ। ਅਜਿਹੇ ਸਨਕੀ ਕਿਸਮ ਦੇ ਲੋਕਾਂ ਨੂੰ ਕੀ ਪਤਾ ਹੈ ਕਿ ਕੀ ਸਵਿਟਜ਼ਰਲੈਂਡ ਵਿਚ ਸਮੁਚੀ ਦੀ ਸਮੁਚੀ ਆਬਾਦੀ (ਬੁਢੇ ਤੋਂ ਲੈ ਕੇ ਬਚੇ ਤੀਕ) ਇਕਠੀ

Digitized by Panjab Digital Library / www.panjabdigilib.org

ਹੁੰਦੀ ਹੈ ? ਸਰਬਤ ਖ਼ਾਲਸਾ ਦੀ ਸੰਸਥਾ ਦੇ ਰੂਪ ਵਿਚ ਸਿਖ ਕੌਮ ਵਿਚ ਵੀ ਸਵਿਟਜ਼ਰਲੈਂਡ ਵਾਂਗ ਸਿਧੇ ਲੋਕਰਾਜ ਦੇ ਸਿਧਾਂਤ ਨੂੰ ਅਪਣਾਇਆ ਗਿਆ ਹੈ ਅਤੇ ਸਿਧਾ ਲੋਕਰਾਜ ਵੀ ਪਰਤੀਨਿਧਤਾ ਕਰਨ ਵਾਲੇ ਸਮਾਗਮਾਂ ਰਾਹੀਂ ਚਲਾਇਆ ਜਾਂਦਾ ਹੈ। ਫ਼ਰਕ ਸਿਰਫ ਇਤਨਾ ਹੈ ਕਿ ਅਸਿਧੇ ਲੋਕਰਾਜ ਵਿਚ ਸਾਰਾ ਕੰਮ ਗੁਪਤ ਵੋਟ ਰਾਹੀਂ ਹੁੰਦਾ ਹੈ ਅਤੇ ਵੋਟਾਂ ਦੀ ਗਿਣਤੀ ਨੂੰ ਬਹੁਗਿਣਤੀ ਦਾ ਆਧਾਰ ਮੰਨਿਆ ਜਾਂਦਾ ਹੈ। ਸਿਧੇ ਲੋਕਰਾਜ ਵਿਚ ਨਾ ਹੀ ਗੁਪਤ ਵੋਟਿੰਗ ਹੁੰਦੀ ਹੈ ਅਤੇ ਨਾ ਹੀ ਵੋਟਾਂ ਦੀ ਫ਼ੀ ਸਦੀ ਦੇਖੀ ਜਾਂਦੀ ਹੈ ਇਥੇ ਸਿਰਫ ਸਰਬਸੰਮਤੀ ਨਾਲ ਅਤੇ ਖੁਲੇ ਰੂਪ ਵਿਚ ਚੋਣ ਹੁੰਦੀ ਹੈ। ਸਰਬਤ ਖਾਲਸਾ ਸਮਾਗਮ ਸਿਧੇ ਲੋਕ ਰਾਜ ਦੇ ਸਿਧਾਂਤ ਨੂੰ ਹੀ ਸਾਹਮਣੇ ਲਿਆਉਂਦੇ ਹਨ।

ਰਹੀ ਗਲ ਇਹ ਕਿ ਸਮੁਚੀ ਕੌਮ ਦੀ ਪਰਤੀਨਿਧਤਾ ਕਿਵੇਂ ਹੋਵੇ ? ਇਸ ਲਈ ਇਕ ਗਲ ਆਪਣੇ ਆਪ ਹੀ ਤਹਿ ਹੈ ਕਿ ਜੋ ਵੀ ਵਿਅਕਤੀ, ਜਥੇਬੰਦੀ, ਸੰਸਥਾ ਜਾਂ ਸੰਪਰਦਾ ਸਿਰੀ ਅਕਾਲ ਤਖ਼ਤ ਸਾਹਿਬ ਅਤੇ ਸਰਬਤ ਖਾਲਸੇ ਦੀ ਸਰਬਉਚਤਾ ਵਿਚ ਵਿਸ਼ਵਾਸ ਰਖਦੀ ਹੈ ਉਸ ਦੀ ਰਾਇ ਲਈ ਜਾਣੀ ਅਤੀ ਜ਼ਰੂਰੀ ਹੈ। ਸੰਪਰਦਾ ਸ਼ਬਦ ਤੋਂ ਕੁਝ ਅਸਪਸ਼ਟਤਾ ਜ਼ਰੂਰ ਹੈ ਕਿਉਂਕਿ ਸਿਖ ਕੌਮ ਵਿਚ ਬਹੁਤ ਜ਼ਿਆਦਾ ਸੰਪਰਦਾਵਾਂ ਹਨ ਅਤੇ ਹਰ ਸੰਪਰਦਾ ਦੀ ਇਕ ਦੂਜੀ ਨਾਲੋਂ ਵਖਰੀ ਵਖਰੀ ਮਰਯਾਦਾ ਹੈ। ਕਹਿਣ ਨੂੰ ਸਾਰੀਆਂ ਸਿਖ ਸੰਪਰਦਾਵਾਂ ਹੀ ਸਿਖ ਧਰਮ ਦੀਆਂ ਪਰਚਾਰਕ ਹਨ। ਸਿਖ ਧਰਮ ਦੇ ਪਰਚਾਰ ਨੂੰ ਸਿਰੀ ਅਕਾਲ ਤਖ਼ਤ ਸਾਹਿਬ ਅਤੇ ਸਰਬਤ ਖਾਲਸਾ ਦੀ ਸੰਸਥਾ ਨਾਲੋਂ ਅਲਗ ਰਖ ਕੇ ਨਹੀਂ ਪਰਚਾਰਿਆ ਜਾ ਸਕਦਾ। ਜੋ ਸੰਸਥਾ ਇਨਾਂ ਵਿਚ ਵਖਰੇਵਾਂ ਰਖ ਕੇ ਚਲਦੀ ਹੈ ਉਸ ਨੂੰ ਨਾ ਹੀ ਸਿਖ ਧਰਮ ਦੀ ਪਰਚਾਰਕ ਸੰਸਥਾ ਮੰਨਿਆ ਜਾ ਸਕਦਾ ਹੈ ਅਤੇ ਨਾ ਉਸ ਨੂੰ ਹੀ ਸਰਬਤ ਖਾਲਸਾ ਸਮਾਗਮ ਵਿਚ ਬੁਲਾਏ ਜਾਣ ਦੀ ਅਧਿਕਾਰੀ ਹੀ ਮੰਨਿਆ ਜਾ ਸਕਦਾ ਹੈ। ਅਜ ਸਿਖ ਕੌਮ ਵਿਚ ਉਦਾਸੀ ਸੰਪਰਦਾ, ਨਿਰਮਲ ਸੰਪਰਦਾ, ਨਿਹੰਗ ਸੰਪਰਦਾ ਅਤੇ ਸੇਵਾ ਪੰਥੀ ਆਦਿ ਸੰਪਰਦਾਵਾਂ ਹਨ। ਇਨਾਂ ਸਭ ਦੀ ਆਪਣੀ ਆਪਣੀ ਮਰਯਾਦਾ ਹੈ ਅਤੇ ਇਨਾਂ ਵਿਚੋਂ ਕਿਸੇ ਵੀ ਸੰਪਰਦਾ ਦੀ ਮਰਯਾਦਾ ਸਮੁਚੀ ਕੌਮ ਲਈ ਪਰਵਾਣਤ ਨਹੀਂ ਹੈ। ਨਾ ਹੀ ਉਕਤ ਸੰਪਰਦਾਵਾਂ ਸਿਰੀ ਅਕਾਲ ਤਖ਼ਤ ਸਾਹਿਬ ਅਤੇ ਸਰਬਤ ਖਾਲਸਾ ਦੀ ਸੁਤੰਤਰ ਹੋਂਦ ਵਿਚ ਹੀ ਵਿਸ਼ਵਾਸ ਰਖਦੀਆਂ ਹਨ। ਇਸ ਲਈ ਉਕਤ ਕਿਸਮ ਦੀਆਂ ਸੰਪਰਦਾਵਾਂ ਸਰਬਤ ਖਾਲਸਾ ਸਮਾਗਮਾਂ ਵਿਚ ਬੁਲਾਏ ਜਾਣ ਦੀਆਂ ਅਧਿਕਾਰੀ ਨਹੀਂ। ਇਨਾਂ ਵਿਚ ਬੁਲਾਏ ਜਾਣ ਦੀਆਂ ਅਧਿਕਾਰੀ ਸੰਪਰਦਾਵਾਂ ਜਾਂ ਸੰਸਥਾਵਾਂ ਸਿਰਫ ਉਹ ਹੀ ਹਨ ਜੋ ਪੂਰਨ ਅੰਮਰਿਤਧਾਰੀ ਹੋਣ ਅਤੇ ਸਿਰੀ ਅਕਾਲ ਤਖ਼ਤ ਸਾਹਿਬ ਅਤੇ ਸਰਬਤ ਖਾਲਸੇ ਦੀ ਸਰਬਉਚਤਾ ਵਿਚ ਵਿਸ਼ਵਾਸ ਰਖਦੀਆਂ ਹੋਣ।

ਸਿਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਦਾ ਭਾਵ ਹੀ ਇਹ ਸੀ ਕਿ ਇਸ ਰਾਹੀਂ ਸਿਖਾਂ ਵਿਚ ਰਾਜਨੀਤਕ ਚੇਤੰਨਤਾ ਲਿਆਂਦੀ ਜਾਂਦੀ ਅਤੇ ਸੁਤੰਤਰ ਕੌਮ ਹੋਣ ਦਾ ਅਹਿਸਾਸ ਪੈਦਾ ਕੀਤਾ ਜਾਂਦਾ। ਖਾਲਸੇ ਦੀ ਸਾਜਨਾ ਕਰਨ ਦਾ ਭਾਵ ਵੀ ਇਹੀ ਸੀ ਕਿ ਹੁਣ ਤੋਂ ਖਾਲਸਾ ਸਭ ਕਿਸਮ ਦੇ ਦੁਨਿਆਵੀ ਹਾਕਮਾਂ, ਹਕੂਮਤਾਂ ਅਤੇ ਹੁਕਮਾਂ ਤੋਂ ਸੁਤੰਤਰ ਹੈ। ਜੇ

Digitized by Panjab Digital Library | www.panjabdigilib.org

ਇਹ ਗਲ ਨਾ ਹੁੰਦੀ ਤਾਂ ਸਿਖਾਂ ਵਿਚ ਪਹਿਲਾਂ ਵਾਲਾ ਸਟੇਟਸ-ਕੋ ਹੀ ਕਾਇਮ ਰਖਿਆ ਜਾ ਸਕਦਾ ਸੀ। ਖਾਲਸਾ ਸ਼ਬਦ ਹੀ ਸੁਤੰਤਰ ਹੋਂਦ ਦਾ ਪਰਤੀਕ ਹੈ। ਖਾਲਸੇ ਦਾ ਹਾਕਮ ਖੁਦ ਖਾਲਸਾ ਹੀ ਹੈ ਅਤੇ ਖਾਲਸੇ ਉਪਰ ਲਾਗੂ ਹੋਣ ਵਾਲੇ ਸਾਰੇ ਹੁਕਮ, ਖਾਲਸੇ ਦੇ ਆਪਣੇ ਬਣਾਏ ਹੋਏ ਹੀ ਚਲਣੇ ਹਨ। ਇਨਾਂ ਹੁਕਮਾਂ ਨੂੰ ਲਾਗੂ ਕਰਨ ਦੀ ਅਤੇ ਆਪਣੇ ਹਾਕਮ ਚੁਣਨ ਦੀ ਸੰਸਥਾ ਸਰਬਤ ਖਾਲਸਾ ਹੈ। ਸੁਤੰਤਰ ਸੰਸਥਾ ਰਾਹੀਂ ਹੀ ਕੋਈ ਸੁਤੰਤਰ ਹੁਕਮ ਲਾਗੂ ਕੀਤਾ ਜਾ ਸਕਦਾ ਹੈ। ਸੁਤੰਤਰ ਸੰਸਥਾ ਹੀ ਕੌਮ ਦੀ ਸਰਬਉਚਤਾ ਨੂੰ ਕਾਇਮ ਰਖ ਸਕਦੀ ਹੈ। ਇਸੇ ਕਰਕੇ ਜੇ ਸਿਰੀ ਅਕਾਲ ਤਖ਼ਤ ਸਾਹਿਬ ਤੋਂ ਅਤੇ ਸਰਬਤ ਖਾਲਸਾ ਦੀ ਸੰਸਥਾ ਤੋਂ ਕੌਮ ਨੇ ਕੋਈ ਸੁਤੰਤਰ ਰਾਏ ਜਾਂ ਸੇਧ ਲੈਣੀ ਹੈ ਤਾਂ ਇਨਾਂ ਨੂੰ ਸੁਤੰਤਰ ਰਖਣਾ ਹੀ ਹੋਵੇਗਾ ਅਤੇ ਉਹ ਹੀ ਵਿਅਕਤੀ ਜਾਂ ਸੰਸਥਾਵਾਂ ਇਥੇ ਰਾਇ ਦੇਣ ਦੀਆਂ ਅਧਿਕਾਰੀ ਹੋਣਗੀਆਂ ਜੋ ਇਨਾਂ ਦੋਹਾਂ ਸੰਸਥਾਵਾਂ ਦੀ ਸਰਬਤ੍ਰੋਚਤਾ ਦੀਆਂ ਮੁਦਈ ਹਨ।

ਖਾਲਸਈ ਰਵਾਇਤ ਅਨੁਸਾਰ ਸਰਬਤ ਖਾਲਸਾ ਸਮਾਗਮ ਸਾਲ ਵਿਚ ਦੋ ਵਾਰ ਹੁੰਦੇ ਸਨ : ਬੈਸਾਖੀ ਅਤੇ ਦਿਵਾਲੀ ਦੇ ਮੌਕਿਆਂ ਤੇ। ਬੈਸਾਖੀ ਅਤੇ ਦਿਵਾਲੀ ਦੋਵੇਂ ਹੀ ਮੌਸਮੀ ਤਿਉਹਾਰ ਹਨ। ਬੈਸਾਖੀ ਦੇ ਦਿਵਸ ਖਾਲਸੇ ਦੀ ਸਾਜਨਾ ਹੋਣ ਨਾਲ ਸਾਡੇ ਲਈ ਇਹ ਇਕ ਖਾਸ ਮਹਤਤਾ ਵਾਲਾ ਤਿਉਹਾਰ ਬਣ ਗਿਆ ਹੈ। ਦਿਵਾਲੀ ਵੀ ਮੌਸਮੀ ਤਿਉਹਾਰ ਹੋਣ ਕਰਕੇ ਇਕ ਖਾਸ ਵਿਸ਼ੇਸ਼ਤਾ ਰਖਦਾ ਹੈ। ਇਹ ਦੋਵੇਂ ਤਿਉਹਾਰ ਪਹਿਲੇ ਸਮਿਆਂ ਵਿਚ ਹਾੜੀ ਅਤੇ ਸਾਉਣੀ ਦੀਆਂ ਫਸਲਾਂ ਦੇ ਪਕੇ ਜਾਣ ਦੇ ਪਰਤੀਕ ਵੀ ਸਨ ਇਸ ਲਈ ਕਿਰਸਾਨ ਇਨਾਂ ਤਿਉਹਾਰਾਂ ਸਮੇਂ ਆਪਣੀ ਫਸਲ ਵੇਚ-ਵਟ ਕੇ ਜਿਥੇ ਪੈਸੇ ਨਾਲ ਮਾਲਾਮਾਲ ਹੁੰਦਾ ਸੀ ਉਥੇ ਕੰਮ ਪਖੋਂ ਵੀ ਵਿਹਲਾ ਹੁੰਦਾ ਸੀ। ਇਉਂ ਇਨਾਂ ਤਿਉਹਾਰਾਂ ਸਮੇਂ ਸਿਰੀ ਦਰਬਾਰ ਸਾਹਿਬ ਵਿਚ ਸਿਖ ਸੰਗਤਾਂ ਦੀ ਚੋਖੀ ਇਕਤਰਤਾ ਹੋ ਜਾਂਦੀ ਸੀ। ਸਰਬਤ ਖਾਲਸਾ ਇਨਾਂ ਇਕਠਾਂ ਦਾ ਇਕ ਪਖੋਂ ਫਾਇਦਾ ਵੀ ਉਠਾਉਂਦਾ ਸੀ। ਸਰਬਤ ਖਾਲਸਾ ਸਮਾਗਮ ਵਿਚ ਪਾਸ ਕੀਤੇ ਮਤਿਆਂ ਬਾਰੇ ਖਾਲਸਾ, ਇਕਠੀ ਹੋਈ ਸੰਗਤ ਨੂੰ ਦਸਦਾ ਸੀ ਅਤੇ ਇਉਂ ਇਥੋਂ ਵਧ ਤੋਂ ਵਧ ਲੋਕਾਂ ਲਈ, ਪਾਸ ਹੋਏ ਗੁਰਮਤਿਆਂ ਬਾਰੇ ਜਾਣਕਾਰੀ ਦੇ ਦਿਤੀ ਜਾਂਦੀ ਸੀ।

ਸਿਰੀ ਅਕਾਲ ਤਖ਼ਤ ਸਾਹਿਬ ਕਿਉਂਕਿ ਸਿਖ ਕੌਮ ਦੀ ਕੇਂਦਰੀ ਸੰਸਥਾ ਹੈ ਇਸ ਲਈ ਜਦੋਂ ਵੀ ਕੋਈ ਸੰਘਰਸ਼, ਸਿਖ ਕੌਮ ਨੇ ਸ਼ੁਰੂ ਕਰਨਾ ਹੁੰਦਾ ਹੈ ਉਹ ਉਦੋਂ ਤਕ ਸਿਖਾਂ ਦਾ ਕੌਮੀ ਸੰਘਰਸ਼ ਨਹੀਂ ਬਣਦਾ ਜਦੋਂ ਤਕ ਉਸ ਨੂੰ ਸਿਰੀ ਅਕਾਲ ਤਖ਼ਤ ਸਾਹਿਬ ਤੋਂ ਸਰਬਤ ਖਾਲਸੇ ਰਾਹੀਂ ਨਹੀਂ ਚਲਾਇਆ ਜਾਂਦਾ। ਅਜੇ ਤਕ ਸਿਖ ਇਤਿਹਾਸ ਵਿਚ ਐਸੀ ਇਕ ਵੀ ਮਿਸਾਲ ਨਹੀਂ ਜਦੋਂ ਕਿ ਸਿਖਾਂ ਨੇ ਕੋਈ ਸੰਘਰਸ਼ ਅਕਾਲ ਤਖ਼ਤ ਸਾਹਿਬ ਤੋਂ ਪਰੇ ਰਹਿ ਕੇ ਚਲਾਇਆ ਹੋਵੇ ਅਤੇ ਉਸ ਨੂੰ ਸਫਲਤਾ ਮਿਲੀ ਹੋਵੇ। ਹਾਂ ਜਦੋਂ ਤੋਂ ਸਿਖ ਰਾਜਨੀਤੀ ਵਿਚ ਅਕਾਲੀ ਕਲਚਰ ਦਾ ਪਰਛਾਵਾਂ ਪਿਆ ਹੈ ਉਦੋਂ ਤੋਂ ਜਰੂਰ ਇਸ ਕਲਚਰ ਦੇ ਲੋਕ ਅਕਾਲ ਤਖ਼ਤ ਸਾਹਿਬ ਤੋਂ ਬੇਮੁਖ ਹੋਏ ਹਨ। ਪੰਜਾਬੀ ਸੂਬੇ ਦੇ ਅਤੇ ਪਿਛੋਂ ਦੇ ਅਕਾਲੀ ਮੋਰਚੇ ਸਾਰੇ ਹੀ ਆਪਹੁਦਰੀ ਅਕਾਲੀ ਲੀਡਰਸ਼ਿਪ ਨੇ ਸਿਰੀ ਅਕਾਲ ਤਖਤ ਸਾਹਿਬ ਤੋਂ ਪਰੇ ਰਹਿ ਕੇ

Digitized by Panjab Digital Library | www.panjabdigilib.org

ਚਲਾਏ ਸਨ ਅਤੇ ਇਨਾਂ ਸਭ ਵਿਚ ਹੀ ਅਕਾਲੀ ਕਲਚਰ ਦੀ ਸੌਦੇਬਾਜ਼ੀ ਮੁਖ ਰਹੀ ਹੈ ਅਤੇ ਸਿਖ ਕੌਮ ਨਿਰਾਸ਼ਾ ਦਾ ਮੂੰਹ ਵੇਖਦੀ ਰਹੀ ਹੈ।

ਸਿਖ ਮਿਸਲਾਂ ਦੀ ਸ਼ੁਰੂਆਤ ਕਿਉਂਕਿ ਸਿਰੀ ਅਕਾਲ ਤਖ਼ਤ ਸਾਹਿਬ ਤੋਂ ਹੀ ਹੋਈ ਸੀ ਇਸ ਲਈ ਸਿਖ ਮਿਸਲਾਂ ਇਕ ਦੂਜੀ ਨਾਲ ਭਾਵੇਂ ਕਿਨਾ ਹੀ ਦੁਸ਼ਮਣੀ ਭਾਵ ਵਾਲਾ ਵਤੀਰਾ ਰਖਦੀਆਂ ਸਨ ਪਰ ਜਦੋਂ ਉਹ ਸਰਬਤ ਖ਼ਾਲਸੇ ਦੇ ਰੂਪ ਵਿਚ ਸਿਰੀ ਅਕਾਲ ਤਖ਼ਤ ਸਾਹਿਬ ਤੇ ਇਕਤਰ ਹੁੰਦੀਆਂ ਸਨ ਤਾਂ ਆਪਣੇ ਸਭ ਗਿਲੇ ਸ਼ਿਕਵੇ ਦੂਰ ਕਰ ਦਿੰਦੀਆਂ ਸਨ। ਅਠਾਰਵੀਂ ਸਦੀ ਦੇ ਸਰਬਤ ਖ਼ਾਲਸਾ ਸਮਾਗਮਾਂ ਤੋਂ ਇਕ ਗਲ ਸਪਸ਼ਟ ਹੁੰਦੀ ਹੈ। ਉਹ ਇਹ ਕਿ ਇਸ ਸਮੇਂ ਦੌਰਾਨ ਸਰਬਤ ਖ਼ਾਲਸਾ ਸਮਾਗਮ ਨਿਰੋਲ ਮਿਸਲਦਾਰਾਂ ਵਲੋਂ ਹੀ ਬੁਲਾਏ ਜਾਂਦੇ ਸਨ ਅਤੇ ਜੰਗੀ ਖਾਲਸੇ ਦੀ ਹੀ ਮੁਖ ਤੌਰ ਤੇ ਇਕਤਰਤਾ ਹੁੰਦੀ ਸੀ। ਆਮ ਸਿਖ ਸੰਗਤਾਂ ਵੀ ਭਾਵੇਂ ਸਮਾਗਮਾਂ ਵਿਚ ਹਾਜ਼ਰ ਹੁੰਦੀਆਂ ਹੋਣਗੀਆਂ ਪਰ ਮੁਖ ਪਰਭਾਵਸ਼ਾਲੀ ਹਾਜ਼ਰੀ ਜੰਗੀ ਖ਼ਾਲਸੇ ਦੀ ਹੀ ਹੁੰਦੀ ਸੀ। ਕਿਉਂਕਿ ਜਿਹੜੀਆਂ ਜਥੇਬੰਦੀਆਂ ਸਿਖ ਕੌਮ ਦੀ ਸੁਤੰਤਰਤਾ ਲਈ ਜੂਝਦੀਆਂ ਹਨ ਸਿਰੀ ਅਕਾਲ ਤਖ਼ਤ ਸਾਹਿਬ ਤੋਂ ਸੇਧ ਵੀ ਤਾਂ ਉਨਾਂ ਨੇ ਹੀ ਲੈਣੀ ਹੁੰਦੀ ਹੈ। ਇਹ ਗਲ ਵਰਤਮਾਨ ਸਿਖ ਸੰਘਰਸ਼ 'ਤੇ ਵੀ ਲਾਗੂ ਹੁੰਦੀ ਹੈ। ਅਜ ਜੋ ਜਥੇਬੰਦੀਆਂ ਸਿਖ ਕੌਮ ਦੀ ਸੁਤੰਤਰ ਹੋਂਦ ਲਈ ਲੜ ਰਹੀਆਂ ਹਨ ਉਨਾਂ ਵਿਚ ਸਿਰਫ਼ ਖਾੜਕੂ ਜਥੇਬੰਦੀਆਂ ਹੀ ਹਨ। ਵਖ ਵਖ ਅਕਾਲੀ ਦਲ ਜਿਨਾਂ ਦਾ ਨਿਸ਼ਾਨਾ ਸਿਰਫ਼ ਸੰਵਿਧਾਨਕ ਸੋਧਾਂ ਕਰਵਾ ਕੇ ਕੁਝ ਵਧੇਰੇ ਅਧਿਕਾਰ ਲੈਣ ਦਾ ਹੈ ਤੇ ਜਾਂ ਪੰਜਾਬ ਵਿਚ ਵਰਤਮਾਨ ਸਮੇਂ ਵਿਚ ਚੋਣਾਂ ਕਰਵਾ ਕੇ ਸਰਕਾਰ ਬਣਾਉਣ ਦਾ ਹੈ ਉਨਾਂ ਦੀ ਸਰਬਤ ਖ਼ਾਲਸਾ ਸਮਾਗਮਾਂ ਵਿਚ ਹਾਜ਼ਰੀ ਜਾਂ ਗ਼ੈਰ-ਹਾਜ਼ਰੀ ਦੀ ਕੋਈ ਜ਼ਿਆਦਾ ਮਹਤਤਾ ਨਹੀਂ ਹੈ। ਹਾਂ ਸਮੂਹ ਖਾੜਕੂ ਜਥੇਬੰਦੀਆਂ ਵਿਚੋਂ ਹਰ ਇਕ ਜਥੇਬੰਦੀ ਦੀ ਸਰਬਤ ਖਾਲਸਾ ਸਮਾਗਮ ਵਿਚ ਹਾਜ਼ਰੀ ਜ਼ਰੂਰੀ ਹੈ ਕਿਉਂਕਿ ਸਰਬਤ ਖਾਲਸੇ ਦੇ ਗੁਰਮਤਿਆਂ ਨੇ ਸਿਖ ਸੰਘਰਸ਼ 'ਤੇ ਪਰਭਾਵ ਪਾਉਣਾ ਹੈ ਅਤੇ ਇਹ ਪਰਭਾਵ ਜੂਝ ਰਹੀ ਹਰ ਇਕ ਖਾੜਕੂ ਜਥੇਬੰਦੀ ਤੇ ਵੀ ਪੈਣਾ ਹੈ।

ਉਪਰੋਕਤ ਦੀ ਰੋਸ਼ਨੀ ਵਿਚ ਇਹ ਅਤੀ ਜ਼ਰੂਰੀ ਹੈ ਕਿ ਵਰਤਮਾਨ ਸਿਖ ਸੰਘਰਸ਼ ਨੂੰ ਇਕ ਤਾਂ ਸਿਰੀ ਅਕਾਲ ਤਖ਼ਤ ਸਾਹਿਬ 'ਤੇ ਕੇਂਦਰਿਤ ਕੀਤਾ ਜਾਵੇ ਅਤੇ ਦੂਜਾ ਸਾਲ ਵਿਚ ਦੋ ਵਾਰ ਸਰਬਤ ਖਾਲਸਾ ਸਮਾਗਮ ਬੁਲਾਉਣ ਦੀ ਪਿਰਤ ਸ਼ੁਰੂ ਕੀਤੀ ਜਾਵੇ। ਵਰਤਮਾਨ ਸਿਖ ਸੰਘਰਸ਼ ਬਾਰੇ ਇਹ ਗਲ ਪਕੇ ਤੌਰ 'ਤੇ ਸਮਝ ਲੈਣੀ ਚਾਹੀਦੀ ਹੈ ਕਿ ਇਹ ਉਦੋਂ ਤਕ ਸਫਲਤਾ ਪਰਾਪਤ ਕਰਨ ਵਾਲੇ ਰਾਹ 'ਤੇ ਨਹੀਂ ਚਲ ਸਕੇਗਾ ਜਦੋਂ ਤਕ ਇਸ ਨੂੰ ਸਿਰੀ ਅਕਾਲ ਤਖ਼ਤ ਸਾਹਿਬ 'ਤੇ ਕੇਂਦਰਿਤ ਕਰਕੇ ਸਰਬਤ ਖਾਲਸਾ ਸਮਾਗਮਾਂ ਦੇ ਹਵਾਲੇ ਨਹੀਂ ਕੀਤਾ ਜਾਂਦਾ। ਸਰਬਤ ਖਾਲਸਾ ਸਮਾਗਮਾਂ ਵਿਚ ਸਮੂਹ ਖਾੜਕੂ ਜਥੇਬੰਦੀਆਂ ਦੇ ਪਰਤੀਨਿਧ ਅਤੇ ਸਿਖ ਸੁਤੰਤਰਤਾ ਨਾਲ ਪਰਤੀਬਧ ਸਿਖ ਵਿਦਵਾਨਾਂ ਦਾ ਸ਼ਾਮਲ ਹੋਣਾ ਹੀ ਕਾਫੀ ਹੈ।

ਇਥੇ ਥੋੜੀ ਜਿਹੀ ਵਿਚਾਰ ਸਰਬਤ ਖਾਲਸਾ ਸਮਾਗਮਾਂ ਦੇ ਬੁਲਾਏ ਜਾਣ ਵਾਲੇ ਅਸਥਾਨਾਂ ਬਾਰੇ ਕਰ ਲੈਣੀ ਜ਼ਰੂਰੀ ਹੈ। ਭਾਵ ਕਿ ਇਹ ਸਮਾਗਮ ਕੀ ਸਿਰੀ ਅਕਾਲ ਤਖ਼ਤ

Digitized by Panjab Digital Library | www.panjabdigilib.org

ਸਾਹਿਬ ਤੋਂ ਇਲਾਵਾ ਕਿਸੇ ਹੋਰ ਥਾਂ ਉਪਰ ਵੀ ਬੁਲਾਏ ਜਾ ਸਕਦੇ ਹਨ ਜਾਂ ਨਹੀਂ ? ਇਸ ਬਾਰੇ ਇਕ ਗਲ ਤਾਂ ਬਿਲਕੁਲ ਸਾਫ ਅਤੇ ਸਪਸ਼ਟ ਹੈ ਕਿ ਇਹ ਸਮਾਗਮ ਸਿਰਫ ਸਿਰੀ ਅਕਾਲ ਤਖਤ ਸਾਹਿਬ 'ਤੇ ਹੀ ਬੁਲਾਏ ਜਾ ਸਕਦੇ ਹਨ । ਇਸ ਦੇ ਕਈ ਕਾਰਨ ਹਨ : ਪਹਿਲਾ ਇਹ ਕਿ ਸਿਰੀ ਅਕਾਲ ਤਖਤ ਸਾਹਿਬ ਹੀ ਇਕ ਐਸੀ ਪਰਵਾਣਤ ਥਾਂ ਹੈ ਜਿਸ ਨਾਲ ਸਿਖਾਂ ਦੇ ਜਜ਼ਬਾਤ ਜੁੜੇ ਹੋਏ ਹਨ ਅਤੇ ਇਹ ਥਾਂ ਸਰਬਉਚ ਹੈ । ਸਰਬਉਚ ਅਸਥਾਨ 'ਤੇ ਬੈਠ ਕੇ ਸਰਬਉਚਤਾ ਦਾ ਹੀ ਅਹਿਸਾਸ ਹੁੰਦਾ ਹੈ । ਦੂਜਾ, ਇਸ ਦੇ ਬਿਲਕੁਲ ਸਾਹਮਣੇ ਸਿਰੀ ਦਰਬਾਰ ਸਾਹਿਬ ਸਥਿਤ ਹੈ । ਸਿਖਾਂ ਵਿਚ ਪਰੰਪਰਾ ਹੈ ਕਿ ਉਹ ਸਿਰੀ ਅਕਾਲ ਤਖ਼ਤ ਸਾਹਿਬ 'ਤੇ ਬੈਠਣ ਤੋਂ ਪਹਿਲਾਂ ਸਿਰੀ ਦਰਬਾਰ ਸਾਹਿਬ ਵਿਖੇ ਮੱਥਾ ਟੇਕ ਕੇ ਆਪਣੇ ਸਭ ਵੈਰ ਵਿਰੋਧ ਭੁਲਾ ਕੇ ਆਉਂਦੇ ਹਨ । ਇਹ ਭਾਵਨਾ ਸਿਰੀ ਦਰਬਾਰ ਸਾਹਿਬ ਦੇ ਕੰਪਲੈਕਸ ਵਿਚ ਹੀ ਪੈਦਾ ਹੋ ਸਕਦੀ ਹੈ । ਤੀਜਾ, ਸਿਰੀ ਅਕਾਲ ਤਖਤ ਸਾਹਿਬ ਸਾਹਮਣੇ ਝੂਲ ਰਹੇ ਦੋ ਕੇਸਰੀ ਨਿਸ਼ਾਨ ਸਾਹਿਬ ਸਿਖਾਂ ਵਿਚ ਮੀਰੀ ਅਤੇ ਪੀਰੀ ਦੀ ਸੁਤੰਤਰਤਾ ਦਾ ਹਰ ਸਮੇਂ ਅਹਿਸਾਸ ਕਰਵਾਉਂਦੇ ਹਨ । ਇਹ ਗਲ ਕਿਸੇ ਹੋਰ ਥਾਂ ਉਪਰ ਪੂਰੀ ਨਹੀਂ ਹੋ ਸਕਦੀ । ਅਖ਼ੀਰਲੀ ਸਭ ਤੋਂ ਜ਼ਰੂਰੀ ਗਲ ਇਹ ਕਿ ਸਿਰੀ ਅਕਾਲ ਤਖ਼ਤ ਸਾਹਿਬ 'ਤੇ ਕੀਤਾ ਗਿਆ ਹਰ ਫੈਸਲਾ ਆਪਣੀ ਹੀ ਪਵਿਰਤਾ ਰਖਦਾ ਹੈ । ਇਸ ਲਈ ਉਪਰੋਕਤ ਪਖਾਂ ਨੂੰ ਦਰਿਸ਼ਟੀਗੋਚਰ ਰਖਦੇ ਹੋਏ ਇਹ ਜ਼ਰੂਰੀ ਬਣ ਜਾਂਦਾ ਹੈ ਕਿ ਸਰਬਤ ਖ਼ਾਲਸਾ ਸਮਾਗਮ ਸਿਰੀ ਅਕਾਲ ਤਖ਼ਤ ਸਾਹਿਬ 'ਤੇ ਹੀ ਬੁਲਾਏ ਜਾਣ ਪਰ ਜੇਕਰ ਖ਼ਾਲਸੇ ਸਾਹਮਣੇ ਐਸਾ ਸੰਕਟਮਈ ਸਮਾਂ ਹੋਵੇ ਕਿ ਉਹ ਸਿਰੀ ਅਕਾਲ ਤਖ਼ਤ ਸਾਹਿਬ 'ਤੇ ਇਕਠਾ ਨਾ ਹੋ ਸਕਦਾ ਹੋਵੇ ਤਾਂ ਇਹ ਸਮਾਗਮ ਪੂਰੀ ਖ਼ਾਲਸਈ ਮਰਯਾਦਾ ਅਪਣਾ ਕੇ ਕਿਸੇ ਹੋਰ ਥਾਂ ਵੀ ਬੁਲਾਏ ਜਾ ਸਕਦੇ ਹਨ । ਜਿਵੇਂ ਕਿ ਜੇਕਰ ਦੁਸ਼ਮਣ ਸਰਕਾਰ ਦੀ ਸੈਨਾ ਨੇ ਸਿਰੀ ਦਰਬਾਰ ਸਾਹਿਬ ਨੂੰ ਘੇਰ ਰਖਿਆ ਹੋਵੇ ਅਤੇ ਇਸ ਘੇਰੇ ਨੂੰ ਖ਼ਾਲਸਾ ਨਾ ਤੋੜ ਸਕਦਾ ਹੋਵੇ ਜਿਵੇਂ ਮੁਗਲਾਂ ਅਤੇ ਵਰਤਮਾਨ ਹਿੰਦੂ ਸਾਮਰਾਜ ਸਮੇਂ ਵਾਪਰਿਆ ਹੈ ਤਾਂ ਅਜਿਹੀ ਸੂਰਤ ਵਿਚ ਕਿਸੇ ਹੋਰ ਥਾਂ 'ਤੇ ਵੀ ਸਮਾਗਮ ਕੀਤਾ ਜਾ ਸਕਦਾ ਹੈ । ਇਤਿਹਾਸ ਵਿਚ ਅਜੇਹੇ ਅਨੇਕਾਂ ਹਵਾਲੇ ਮਿਲਦੇ ਹਨ ਜਦੋਂ ਕਿ ਖ਼ਾਲਸੇ ਨੇ ਅੰਮਰਿਤਸਰ ਤੋਂ ਬਾਹਰ ਵੀ ਸਮਾਗਮ ਬੁਲਾਏ ਸਨ । ਜਿਵੇਂ ਕਿ ਸਰਹੰਦ ਵਿਖੇ, ਆਨੰਦਪੁਰ ਸਾਹਿਬ ਵਿਖੇ, ਦਿਲੀ ਦੇ ਨੇੜੇ ਗੰਗਾ ਜਮੁਨਾ ਦੁਆਬ ਦੇ ਇਲਾਕੇ ਵਿਚ ਆਦਿ ਆਦਿ ।

ਵੈਸੇ ਤਾਂ 1924 ਈ: ਤੋਂ ਹੀ ਸਿਰੀ ਅਕਾਲ ਤਖ਼ਤ ਸਾਹਿਬ ਦਾ ਪਰਬੰਧ ਸਿਖ ਗੁਰਦੁਆਰਾ ਐਕਟ ਦੇ ਅਧੀਨ ਚਲਿਆ ਆ ਰਿਹਾ ਹੈ ਅਤੇ ਇਸ ਰਾਹੀਂ ਹਰ ਜਥੇਦਾਰ ਦੀ ਨਿਯੁਕਤੀ ਖ਼ਾਲਸਈ ਮਰਯਾਦਾ ਦੇ ਉਲਟ ਹੁੰਦੀ ਆ ਰਹੀ ਹੈ ਪਰ ਇਸ ਤੋਂ ਵੀ ਗਈ ਗੁਜ਼ਰੀ ਗਲ ਇਹ ਹੈ ਕਿ ਅਪਰੈਲ 1990 ਤੋਂ ਲੈ ਕੇ ਅਜ ਤੀਕ ਸਿਰੀ ਅਕਾਲ ਤਖਤ ਸਾਹਿਬ ਦਾ ਕੋਈ ਜਥੇਦਾਰ ਹੀ ਨਹੀਂ ਹੈ । ਕਿਥੇ ਤਾਂ ਇਕ ਪਾਸੇ ਸਿਖ ਨੌਜੁਆਨ ਦਰਜਨਾਂ ਦੀ ਗਿਣਤੀ ਵਿਚ ਰੋਜ਼ਾਨਾ ਸ਼ਹਾਦਤਾਂ ਪਾ ਰਹੇ ਹਨ ਅਤੇ ਹਜ਼ਾਰਾਂ ਦੀ ਗਿਣਤੀ ਵਿਚ ਸਰਕਾਰ ਦੀਆਂ ਜੇਹਲਾਂ ਵਿਚ ਤਸੀਹੇ ਝਲ ਰਹੇ ਹਨ ਅਤੇ ਕਿਥੇ ਦੂਜੇ ਪਾਸੇ ਨਾ ਹੀ ਕਿਸੇ ਸਰਬਤ ਖ਼ਾਲਸਾ ਸਮਾਗਮ ਦੀ ਕੋਈ ਰੂਪ-ਰੇਖਾ ਹੈ ਅਤੇ ਨਾ ਹੀ ਸਿਰੀ ਅਕਾਲ ਤਖ਼ਤ ਸਾਹਿਬ ਦਾ ਕੋਈ

Digitized by Panjab Digital Library | www.panjabdigilib.org

ਜਥੇਦਾਰ ਹੈ। ਇਸ ਗਲ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਕਿ ਸਿਰੀ ਅਕਾਲ ਤਖ਼ਤ ਸਾਹਿਬ ਅਤੇ ਸਰਬਤ ਖ਼ਾਲਸਾ ਸੰਸਥਾ ਦੀ ਵਰਤਮਾਨ ਸਮੇਂ ਵਿਚ ਕਿਨੀ ਕੁ ਲੋੜ ਮਹਿਸੂਸ ਕੀਤੀ ਜਾ ਰਹੀ ਹੈ।

ਇਸ ਲਈ ਪਹਿਲੀ ਜ਼ਰੂਰਤ ਸਿਖ ਸੰਘਰਸ਼ ਨੂੰ ਸਿਰੀ ਅਕਾਲ ਤਖ਼ਤ ਸਾਹਿਬ ਨਾਲ ਜੋੜਨ ਦੀ ਹੈ। ਸਿਖ ਸੰਘਰਸ਼ ਅਕਾਲ ਤਖਤ ਨਾਲ ਤਦ ਹੀ ਜੁੜ ਸਕੇਗਾ ਜੇ ਸਰਬਤ ਖ਼ਾਲਸਾ ਸਮਾਗਮ ਬੁਲਾਏ ਜਾਣਗੇ। ਸਰਬਤ ਖ਼ਾਲਸਾ ਸਮਾਗਮ ਤਦ ਹੀ ਬੁਲਾਏ ਜਾਣੇ ਸੰਭਵ ਹੋਣਗੇ ਜੇਕਰ ਸਿਰੀ ਅਕਾਲ ਤਖਤ ਸਾਹਿਬ ਦਾ ਇਕ ਸਰਬਪਰਵਾਣਤ ਜਥੇਦਾਰ ਹੋਵੇਗਾ। ਸਰਬਪਰਵਾਣਤ ਜਥੇਦਾਰ ਤਦ ਹੀ ਲਿਆਂਦਾ ਜਾ ਸਕੇਗਾ ਜੇ ਸਮੂਹ ਖਾੜਕੂ ਜਥੇਬੰਦੀਆਂ ਸਿਰ ਜੋੜ ਕੇ ਬੈਠਣਗੀਆਂ।

ਜਥੇਦਾਰ ਦੀ ਸ਼ਖਸੀਅਤ ਇਕ ਬਜ਼ੁਰਗ ਵਾਲੀ ਹੋਣੀ ਚਾਹੀਦੀ ਹੈ ਤਾਂ ਕਿ ਉਹ ਸਮਚੀ ਕੌਮ ਨੂੰ ਇਕ ਬਜ਼ੁਰਗ ਦੀ ਤਰਾਂ ਸੇਧ ਦੇ ਸਕੇ। ਇਸ ਤੋਂ ਇਲਾਵਾ ਜਥੇਦਾਰ ਬਾਰੇ ਕੁਝ ਹੋਰ ਗਲਾਂ ਦਾ ਜ਼ਰੂਰ ਖ਼ਿਆਲ ਰਖਿਆ ਜਾਣਾ ਚਾਹੀਦਾ ਹੈ। ਪਹਿਲੀ ਇਹ ਕਿ ਉਹ ਸਿਖ ਕੌਮ ਵਿਚਲੀਆਂ ਸੰਪਰਦਾਵਾਂ ਵਿਚੋਂ ਕਿਸੇ ਨਾਲ ਵੀ ਸਬੰਧਤ ਨਹੀਂ ਹੋਣਾ ਚਾਹੀਦਾ। ਵਰਤਮਾਨ ਸਮੇਂ ਵਿਚ ਕੁਝ ਹਾਂ ਪਖੀ ਗਲਾਂ ਦੇ ਨਾਲ ਨਾਲ ਕੁਝ ਅਜੇਹੀਆਂ ਗਲਾਂ ਵੀ ਸਾਹਮਣੇ ਆਈਆਂ ਹਨ ਜਿਨਾਂ ਨੂੰ ਨਾ ਹੀ ਮੌਜੂਦਾ ਸੰਘਰਸ਼ ਲਈ ਚੰਗਾ ਸਮਝਿਆ ਜਾ ਸਕਦਾ ਹੈ ਅਤੇ ਨਾ ਹੀ ਸਿਖ ਧਰਮ ਨਾਲ ਸਿਧਾਂਤਕ ਤੌਰ 'ਤੇ ਮੇਲਿਆ ਜਾ ਸਕਦਾ ਹੈ। ਅਜ ਹਰ ਇਕ ਸੰਪਰਦਾ ਆਪਣੀ ਆਪਣੀ ਮਰਯਾਦਾ ਅਨੁਸਾਰ ਸਿਰੀ ਅਕਾਲ ਤਖ਼ਤ ਸਾਹਿਬ ਦੀ ਮਰਯਾਦਾ ਨੂੰ ਬਦਲਣਾ ਚਾਹੁੰਦੀ ਹੈ। ਸ਼ਰੋਮਣੀ ਕਮੇਟੀ ਦੇ ਪਰਬੰਧਕਾਂ ਬਾਰੇ ਭਾਵੇਂ ਲਖ ਕਿੰਤੂ ਪਰੰਤੂ ਹਨ ਪਰ ਜੋ ਮਰਯਾਦਾ ਇਸ ਵਲੋਂ ਤਹਿ ਕੀਤੀ ਗਈ ਹੈ ਉਹ ਸਰਬਪਰਵਾਣਤ ਹੈ ਅਤੇ ਸਿਖ ਧਰਮ ਦੇ ਅਨੁਸਾਰ ਹੈ। ਜਦੋਂ ਵੀ ਕਿਸੇ ਖ਼ਾਸ ਸੰਪਰਦਾ ਦਾ ਬੰਦਾ ਸਿਰੀ ਅਕਾਲ ਤਖਤ ਸਾਹਿਬ ਦਾ ਜਥੇਦਾਰ ਬਣ ਕੇ ਆਵੇਗਾ ਉਸ ਨੇ ਜ਼ਰੂਰ ਹੀ ਮੌਜੂਦਾ ਮਰਯਾਦਾ ਨੂੰ ਬਦਲਣ ਦੀ ਕੋਸ਼ਿਸ਼ ਕਰਨੀ ਹੈ। ਇਸ ਨੂੰ ਰੋਕਿਆ ਜਾਣਾ ਚਾਹੀਦਾ ਹੈ।

ਦੂਜੀ ਇਹ ਕਿ ਸਿਰੀ ਅਕਾਲ ਤਖ਼ਤ ਸਾਹਿਬ ਨੂੰ ਅਤੇ ਇਸ ਦੇ ਜਥੇਦਾਰ ਨੂੰ ਵਰਤਮਾਨ ਸਿਖ ਗੁਰਦੁਆਰਾ ਐਕਟ ਤੋਂ ਬਾਹਰ ਰਖਿਆ ਜਾਣਾ ਚਾਹੀਦਾ ਹੈ। ਗੁਰਦੁਆਰਾ ਐਕਟ ਅਨੁਸਾਰ ਸਿਖਾਂ ਦੇ ਸਾਰੇ ਗੁਰਦੁਆਰੇ ਭਾਰਤੀ ਅਦਾਲਤਾਂ ਅਤੇ ਪਾਰਲੀਮੈਂਟ ਦੇ ਅਧੀਨ ਹਨ। ਸਿਰੀ ਅਕਾਲ ਤਖ਼ਤ ਸਾਹਿਬ ਨਾ ਹੀ ਗੁਰਦੁਆਰਾ ਹੈ ਅਤੇ ਨਾ ਹੀ ਕਿਸੇ ਪਾਰਲੀਮੈਂਟ ਦੇ ਅਧੀਨ ਹੀ ਹੋ ਸਕਦਾ ਹੈ। ਇਥੋਂ ਤਕ ਕਿ ਜੇ ਸੁਤੰਤਰ ਖਾਲਿਸਤਾਨ ਵੀ ਹੋਂਦ ਵਿਚ ਆ ਜਾਵੇ, ਤਾਂ ਵੀ ਸਿਰੀ ਅਕਾਲ ਤਖ਼ਤ ਸਾਹਿਬ, ਖਾਲਿਸਤਾਨ ਦੀ ਸਿਖ ਪਾਰਲੀਮੈਂਟ ਦੇ ਤਹਿਤ ਨਹੀਂ ਹੋ ਸਕਦਾ। ਇਸ ਦਾ ਰੁਤਬਾ ਸਰਬਉਚ ਹੈ। ਇਹ ਹਰ ਕਾਨੂੰਨ ਅਤੇ ਹਰ ਸਰਕਾਰ ਤੋਂ ਉਪਰ ਹੈ। ਇਹ ਸਿਰਫ ਸਰਬਤ ਖ਼ਾਲਸੇ ਦੇ ਹੀ ਅਧੀਨ ਹੈ ਅਤੇ ਸਰਬਤ ਖ਼ਾਲਸੇ ਵਲੋਂ ਨੀਯਤ ਕੀਤਾ ਕੋਈ ਕਾਨੂੰਨ ਹੀ ਇਸ ਉਪਰ ਲਾਗੂ ਹੋ ਸਕਦਾ ਹੈ। ਇਸ ਲਈ ਇਸ ਦੇ

Digitized by Panjab Digital Library / www.panjabdigilib.org

ਜਥੇਦਾਰ ਦੀ ਨਿਯੁਕਤੀ ਦਾ ਅਧਿਕਾਰ ਸ਼੍ਰੋਮਣੀ ਕਮੇਟੀ ਕੋਲੋਂ ਲੈ ਲੈਣਾ ਚਾਹੀਦਾ ਹੈ ਅਤੇ ਸਰਬਤ ਖ਼ਾਲਸੇ ਦੀ ਸੰਸਥਾ ਦੇ ਹਵਾਲੇ ਹੋਣਾ ਚਾਹੀਦਾ ਹੈ।

ਤੀਜਾ ਇਹ ਕਿ ਕਿਸੇ ਵੀ ਐਸੇ ਵਿਅਕਤੀ ਨੂੰ ਜਥੇਦਾਰ ਦੇ ਤੌਰ 'ਤੇ ਨਿਯੁਕਤ ਨਹੀਂ ਕਰਨਾ ਚਾਹੀਦਾ ਜੋ ਸਰਕਾਰ ਦੀ ਜੇਲ ਵਿਚ ਬੰਦ ਹੋਵੇ। ਸਰਕਾਰ ਦੀ ਜੇਲ ਵਿਚਲਾ ਵਿਅਕਤੀ ਸਰਕਾਰੀ ਅਦਾਲਤਾਂ ਵਿਚ ਪੇਸ਼ੀਆਂ ਭੁਗਤਦਾ ਹੈ ਅਤੇ ਕਾਨੂੰਨ ਦੇ ਹੇਠ ਚਲਣ ਦੀ ਸਹੁੰ ਚਕਦਾ ਹੈ। ਜਥੇਦਾਰ ਕਿਉਂਕਿ ਸਭ ਕਿਸਮਾਂ ਦੇ ਕਾਨੂੰਨਾਂ ਤੋਂ ਉਪਰ ਹੈ ਇਸ ਲਈ ਮੁਕਦਮੇ ਭੁਗਤਣ ਵਾਲਾ ਵਿਅਕਤੀ ਆਪਣੀ ਸਰਬਉਚਤਾ ਗੁਆ ਬੈਠਦਾ ਹੈ। ਹਾਂ ਜੇਕਰ ਕੋਈ ਕੈਦ ਭੁਗਤ ਰਿਹਾ ਵਿਅਕਤੀ ਇਤਨੀ ਉਚੀ ਤੇ ਸੁਚੀ ਸ਼ਖ਼ਸੀਅਤ ਦਾ ਮਾਲਕ ਹੋਵੇ ਕਿ ਉਸ ਨੂੰ ਜਥੇਦਾਰ ਨਿਯੁਕਤ ਕਰਨ ਦੀ ਅਤਿਅੰਤ ਲੋੜ ਪੈ ਜਾਵੇ ਤਾਂ ਜ਼ਰੂਰੀ ਹੈ ਕਿ ਅਜਿਹਾ ਕੈਦ ਭੁਗਤ ਰਿਹਾ ਵਿਅਕਤੀ, ਜਥੇਦਾਰ ਦੀ ਨਿਯੁਕਤੀ ਦੇ ਤੁਰੰਤ ਨਾਲ ਹੀ ਆਪਣੇ ਆਪ ਨੂੰ ਅਦਾਲਤ ਸਾਹਮਣੇ ਪੇਸ਼ ਹੋਣ ਤੋਂ ਅਤੇ ਸਰਕਾਰ ਦੇ ਕਾਨੂੰਨਾਂ ਹੇਠ ਰਹਿਣ ਤੋਂ ਇਨਕਾਰ ਕਰ ਦੇਵੇ। ਵੈਸੇ ਬਿਹਤਰ ਇਹੀ ਹੈ ਕਿ ਕੈਦ ਭੁਗਤ ਰਹੇ ਵਿਅਕਤੀ ਨੂੰ ਜਥੇਦਾਰ ਦੇ ਤੌਰ 'ਤੇ ਨਿਯੁਕਤ ਕੀਤਾ ਹੀ ਨਾ ਜਾਵੇ। ਇਸ ਨਾਲ ਜਥੇਦਾਰ ਦੀ ਪਦ-ਪਦਵੀ ਨੂੰ ਠੇਸ ਹੀ ਪਹੁੰਚੇਗੀ।

ਚੌਥਾ, ਜਥੇਦਾਰ ਚੁਣੇ ਜਾਣ ਵਾਲਾ ਵਿਅਕਤੀ ਕਿਸੇ ਵੀ ਰਾਜਨੀਤਕ ਪਾਰਟੀ ਦਾ ਸਰਗਰਮ ਅਹੁਦੇਦਾਰ ਨਾ ਰਿਹਾ ਹੋਵੇ। ਇਸ ਨਾਲ ਸਿਰੀ ਅਕਾਲ ਤਖ਼ਤ ਸਾਹਿਬ ਦੀ ਮਰਯਾਦਾ ਦੀ ਓਟ ਵਿਚ ਰਾਜਨੀਤਕ ਭਰਿਸ਼ਟਾਚਾਰ ਫੈਲਦਾ ਹੈ। ਅਕਾਲੀ ਨੇਤਾਵਾਂ ਨੇ ਹਮੇਸ਼ਾ ਐਸੇ ਵਿਅਕਤੀ ਨੂੰ ਜਥੇਦਾਰ ਬਣਾ ਕੇ ਲਿਆਉਣ ਦੀ ਕੋਸ਼ਿਸ਼ ਕੀਤੀ ਹੈ ਜੋ ਉਨਾਂ ਦੇ ਇਸ਼ਾਰਿਆਂ 'ਤੇ ਨਚਣ ਨੂੰ ਤਿਆਰ ਰਹੇ। ਅਕਾਲੀ ਕਲਚਰ ਦੇ ਹੇਠਾਂ ਅਕਾਲੀਆਂ ਦੇ ਹਰ ਮਾਮਲੇ ਵਿਚ ਸਿਰੀ ਅਕਾਲ ਤਖ਼ਤ ਸਾਹਿਬ ਨੂੰ ਘਸੀਟਿਆ ਗਿਆ ਹੈ ਅਤੇ ਇਸ ਤਰਾਂ ਅਕਾਲੀਆਂ ਨੇ ਜਥੇਦਾਰੀ ਦੀ ਪਦ-ਪਦਵੀ ਨੂੰ ਇਕ ਤਕੜੀ ਸਟ ਮਾਰੀ ਹੈ। ਇਸ ਦੋਸ਼ ਤੋਂ ਅਕਾਲੀ ਲੀਡਰਸ਼ਿਪ ਕਦੇ ਵੀ ਸੁਰਖਰੂ ਨਹੀਂ ਹੋ ਸਕੇਗੀ।

ਉਕਤ ਨਾਂਹ ਪਖੀ ਗਲਾਂ ਤੋਂ ਇਲਾਵਾ ਕੁਝ ਐਸੀਆਂ ਹਾਂ ਪਖੀ ਗਲਾਂ ਵੀ ਹਨ ਜਿਹੜੀਆਂ ਜਥੇਦਾਰ ਲਈ ਹੋਣੀਆਂ ਅਤੀ ਜ਼ਰੂਰੀ ਹਨ ਜਿਵੇਂ ਕਿ ਜਥੇਦਾਰ ਦੇ ਤਹਿਤ ਇਕ ਪੂਰਾ ਸਕਤਰੇਤ ਹੋਵੇ ਅਤੇ ਇਸ ਸਕਤਰੇਤ ਵਿਚ ਹਰ ਖੇਤਰ ਦੇ ਮਾਹਰ ਵਿਅਕਤੀ ਹੋਣ ਜੋ ਜਥੇਦਾਰ ਨੂੰ ਹਰ ਮਾਮਲੇ ਬਾਰੇ ਸਾਲਾਹ ਦਿੰਦੇ ਰਹਿਣ। ਜਥੇਦਾਰ ਦੇ ਪਾਸ ਕਾਰਾਂ ਦਾ ਪੂਰਾ ਕਾਫਲਾ ਹੋਵੇ ਅਤੇ ਪੂਰਨ ਅੰਮਿਰਤਧਾਰੀ ਸਿੰਘਾਂ ਦੀ ਇਕ ਟੁਕੜੀ ਸੁਰਖਿਆ ਦੇ ਪਖੋਂ ਹਰ ਸਮੇਂ ਤਾਇਨਾਤ ਰਹੇ। ਜਥੇਦਾਰ ਪਾਸ ਇਕ ਹੈਲੀਕਾਪਟਰ ਹੋਣਾ ਚਾਹੀਦਾ ਹੈ ਅਤੇ ਉਸਦਾ ਪਾਸਪੋਰਟ ਯੂ. ਐਨ. ਓ. ਵਲੋਂ ਮਾਣਤਾ ਪਰਾਪਤ ਹੋਣਾ ਚਾਹੀਦਾ ਹੈ ਤਾਂ ਕਿ ਜਥੇਦਾਰ ਨੂੰ ਦੇਸ਼ ਵਿਚ ਅਤੇ ਦੇਸ਼ ਤੋਂ ਬਾਹਰ ਜਾਣ ਵਿਚ ਕੋਈ ਦਿਕਤ ਨਾ ਆਵੇ। ਜਥੇਦਾਰ ਦੇ ਖ਼ਰਚਿਆਂ ਦੀ ਕੋਈ ਸੀਮਾ ਨਹੀਂ ਹੋਣੀ ਚਾਹੀਦੀ ਅਤੇ ਇਹ ਖ਼ਰਚਾ ਇਕ ਸਪੈਸ਼ਲ ਫੰਡ

Digitized by Panjab Digital Library | www.panjabdigilib.org

ਰਾਹੀਂ ਇਕਤਰ ਕੀਤਾ ਜਾ ਸਕਦਾ ਹੈ। ਇਸ ਖ਼ਰਚੇ ਬਗੈਰਾ ਦਾ ਕੰਮ ਸਕਤਰੇਤ ਦਾ ਅਮਲਾ ਹੀ ਕਰੇ। ਜਥੇਦਾਰ ਦੇ ਅਧੀਨ ਲਗਭਗ ਇਕ ਸੌ ਅਜਿਹੇ ਮੈਂਬਰਾਂ ਦਾ ਹਾਊਸ ਹੋਵੇ ਜਿਹੜੇ ਕੌਮ ਦੇ ਹਰ ਵਰਗ ਵਿਚੋਂ ਹੋਣ ਅਤੇ ਇਹ ਹਾਊਸ, ਜਥੇਦਾਰ ਨੂੰ ਹਰ ਮਸਲੇ ਸਮੇਂ ਸਲਾਹ ਦਿੰਦਾ ਰਹੇ। ਇਸ ਹਾਊਸ ਨੂੰ ਖ਼ਾਲਸਾ ਦਰਬਾਰ ਵੀ ਕਿਹਾ ਜਾ ਸਕਦਾ ਹੈ। ਇਸ ਦੇ ਸਾਲ ਵਿਚ ਦੋ ਵਾਰ ਵਿਸ਼ੇਸ਼ ਦਰਬਾਰ ਹੋਣੇ ਚਾਹੀਦੇ ਹਨ। ਜਥੇਦਾਰ, ਹਰ ਸਾਲ, ਕੌਮ ਦੇ ਹਰ ਖੇਤਰ ਵਿਚਲੇ ਉਤਮ ਕਿਰਤੀ ਵਾਲੇ ਵਿਅਕਤੀਆਂ ਨੂੰ ਖ਼ਿਤਾਬ, ਮੈਡਲ ਅਤੇ ਇਨਾਮ ਦੇਣੇ ਸ਼ੁਰੂ ਕਰੇ ਤਾਂ ਕਿ ਸਿਖ ਕੌਮ ਦੇ ਵਿਦਵਾਨ ਪੂਰਨ ਸੁਤੰਤਰਤਾ ਰਖ ਕੇ ਲਿਖਦੇ ਰਹਿਣ। ਇਸ ਨਾਲ ਸਿਖ ਲਿਖਤਾਂ ਵਿਚ ਸਿਖੀ ਨਜ਼ਰੀਆ ਉਭਰੇਗਾ ਅਤੇ ਸਿਖ ਸਾਹਿਤ ਦਾ ਵਿਕਾਸ ਹੋਵੇਗਾ।

ਇਸ ਸਮੇਂ, ਜੋ ਪਰਬੰਧ ਸ਼ਰੋਮਣੀ ਕਮੇਟੀ ਵਲੋਂ ਸਿਰੀ ਅਕਾਲ ਤਖ਼ਤ ਸਾਹਿਬ ਦਾ ਕੀਤਾ ਗਿਆ ਹੈ ਜਾਂ ਕੀਤਾ ਜਾ ਰਿਹਾ ਹੈ ਉਸ ਨੇ ਇਸ ਸੰਸਥਾ ਨੂੰ ਗਿਰਾਵਟ ਦੀ ਹਦ ਤਕ ਪਹੁੰਚਾ ਦਿਤਾ ਹੈ। ਸ਼ਰੋਮਣੀ ਕਮੇਟੀ ਵਲੋਂ ਅਜਿਹੇ ਵਿਅਕਤੀਆਂ ਨੂੰ ਜਥੇਦਾਰ ਬਣਾਇਆ ਗਿਆ ਹੈ ਜਿਹੜੇ ਪੇਟ ਦੇ ਰੁਜ਼ਗਾਰ ਲਈ ਜਥੇਦਾਰ ਬਣੇ ਹਨ। ਅਜਿਹੇ ਵਿਅਕਤੀ ਸ਼ਰੋਮਣੀ ਕਮੇਟੀ ਦੇ ਅਧਿਕਾਰੀਆਂ ਦੇ ਇਸ਼ਾਰਿਆਂ 'ਤੇ ਕੰਮ ਕਰਦੇ ਹਨ ਅਤੇ ਇਉਂ ਇਨਾਂ ਨੂੰ ਖ਼ੁਸ਼ ਰਖ ਕੇ ਆਪਣਾ ਪੇਟ ਪਾਲਣ ਤਕ ਹੀ ਸੀਮਤ ਰਹਿੰਦੇ ਹਨ। ਸ਼ਰੋਮਣੀ ਕਮੇਟੀ ਦੇ ਅਧਿਕਾਰੀਆਂ ਨੇ ਅਕਾਲ ਤਖ਼ਤ ਨੂੰ ਅਤੇ ਇਸ ਦੇ ਜਥੇਦਾਰ ਨੂੰ ਪੂਰੀ ਤਰਾਂ ਵਰਤਿਆ ਹੈ। ਅਕਾਲ ਤਖ਼ਤ ਗੁਰਦੁਆਰਾ ਨਹੀਂ ਪਰ ਸ਼ਰੋਮਣੀ ਕਮੇਟੀ ਨੇ ਇਸ ਦੇ ਹੈਡ ਗਰੰਥੀ ਅਤੇ ਗਰੰਥੀ ਨੀਅਤ ਕਰ ਕੇ ਪੰਜ ਪਿਆਰਿਆਂ ਵਿਚ ਸ਼ਾਮਲ ਕੀਤੇ ਹਨ ਅਤੇ ਮਨਮਰਜ਼ੀ ਦੇ ਹੁਕਮ ਚਾਲੂ ਕਰਵਾਏ ਹਨ। ਇਹ ਪਰਥਾ ਤੁਰੰਤ ਬੰਦ ਹੋਣੀ ਚਾਹੀਦੀ ਹੈ। ਕਿਸੇ ਵੀ ਕਿਸਮ ਦੇ ਗਰੰਥੀ ਦੀ ਹਸਤੀ ਤਾਂ ਸਤਿਕਾਰਯੋਗ ਹੋਣੀ ਹੀ ਚਾਹੀਦੀ ਹੈ ਪਰ ਹੁਕਮ ਜਾਰੀ ਕਰਨ ਵਿਚ ਉਸ ਦਾ ਕੋਈ ਅਧਿਕਾਰ ਨਹੀਂ ਹੋਣਾ ਚਾਹੀਦਾ ਕਿਉਂਕਿ ਹੁਕਮ ਜਾਰੀ ਕਰਨ ਦਾ ਅਧਿਕਾਰ ਸਿਰਫ਼ ਤਖ਼ਤ ਸਾਹਿਬਾਨ ਦੇ ਜਥੇਦਾਰਾਂ ਨੂੰ ਹੀ ਹੈ। ਠੀਕ ਹੈ ਕਿ ਇਸ ਸਮੇਂ ਪੰਜੇ ਤਖ਼ਤ ਪੰਥ ਦੇ ਪਾਸ ਨਹੀਂ ਹਨ। ਦੋ ਤਖ਼ਤ ਪੰਥਕ ਕੰਟਰੋਲ ਤੋਂ ਬਾਹਰ ਹਨ। ਇਨਾਂ ਦੀ ਥਾਂ ਪੂਰਤੀ ਲਈ ਸਾਨੂੰ ਹੈਡ ਗਰੰਥੀ ਜਾਂ ਗਰੰਥੀ ਨਹੀਂ ਪਾਉਣੇ ਚਾਹੀਦੇ ਸਗੋਂ ਇਸ ਥਾਂ ਪੂਰਤੀ ਲਈ ਤਿੰਨ ਤਖ਼ਤਾਂ ਦੇ ਜਥੇਦਾਰ ਸਾਹਿਬਾਨ ਦੇ ਨਾਲ ਦੋ ਸਜਣ, ਬਾਹਰੋਂ ਉਚ ਕੋਟੀ ਦੇ ਨਿਰਪਖ ਅਤੇ ਬਜ਼ੁਰਗ ਸਿਖ ਵਿਦਵਾਨ ਪਾ ਲੈਣੇ ਚਾਹੀਦੇ ਹਨ।

ਉਕਤ ਸਮੁਚੀ ਬਹਿਸ ਨੂੰ ਸਾਹਮਣੇ ਰਖਦਿਆਂ ਹੋਇਆਂ ਅਖ਼ੀਰ ਵਿਚ ਸਿਟਾ ਇਹ ਕਢਿਆ ਜਾਂਦਾ ਹੈ ਕਿ ਸਿਰੀ ਅਕਾਲ ਤਖ਼ਤ ਸਾਹਿਬ ਕੌਮ ਦੀ ਸੁਤੰਤਰਤਾ ਦੀ ਪਰਤੀਕ ਸੰਸਥਾ ਹੈ ਅਤੇ ਇਸ ਨੂੰ ਹਰ ਕਾਨੂੰਨ ਅਤੇ ਹਰ ਅਦਾਲਤ ਤੋਂ ਉਪਰ ਰਖ ਕੇ ਨਿਰੋਲ ਸਰਬਤ ਖਾਲਸੇ ਦੇ ਤਹਿਤ ਰਖਣਾ ਚਾਹੀਦਾ ਹੈ। ਸਰਬਤ ਖਾਲਸਾ ਹਰ ਕਿਸਮ ਦਾ ਨੀਅਮ, ਹਰ ਕਿਸਮ ਦੀ ਤਰਮੀਮ ਅਤੇ ਹਰ ਕਿਸਮ ਦਾ ਹੁਕਮ ਜਾਰੀ ਕਰਨ ਦਾ ਅਧਿਕਾਰੀ ਹੈ। ਇਸ

Digitized by Panjab Digital Library | www.panjabdigilib.org

ਦੇ ਸਮਾਗਮ ਸਾਲ ਵਿਚ ਘਟੋ ਘਟ ਦੋ ਵਾਰ ਜ਼ਰੂਰ ਹੋਣੇ ਚਾਹੀਦੇ ਹਨ ਅਤੇ ਕੌਮ ਦੇ ਹਰ ਭਖਦੇ ਮਸਲੇ ਬਾਰੇ ਇਥੋਂ ਸਰਬਸੰਮਤੀ ਨਾਲ ਗੁਰਮਤੇ ਪਾਸ ਹੋਣੇ ਚਾਹੀਦੇ ਹਨ। ਸਮਾਗਮ ਬੁਲਾਉਣ ਦਾ ਮੁਖ ਅਧਿਕਾਰੀ ਸਿਰੀ ਅਕਾਲ ਤਖ਼ਤ ਸਾਹਿਬ ਦਾ ਜਥੇਦਾਰ ਹੈ। ਜੇਕਰ ਜਥੇਦਾਰ ਕਿਸੇ ਸਮੇਂ ਸਮਾਗਮ ਨਾ ਬੁਲਾ ਸਕੇ ਤਾਂ ਕੌਮ ਦੀ ਐਸੀ ਕੋਈ ਵੀ ਜਥੇਬੰਦੀ, ਜਿਸ ਦਾ ਸਿਰੀ ਅਕਾਲ ਤਖ਼ਤ ਸਾਹਿਬ ਦੀ ਸੁਤੰਤਰਤਾ ਵਿਚ ਦਰਿੜ ਨਿਸ਼ਚਾ ਹੈ, ਕਦੇ ਵੀ ਬੁਲਾ ਸਕਦੀ ਹੈ। ਵਰਤਮਾਨ ਸਿਖ ਸੰਘਰਸ਼ ਨੂੰ ਸਿਰੀ ਅਕਾਲ ਤਖ਼ਤ ਸਾਹਿਬ 'ਤੇ ਕੇਂਦਰਿਤ ਕੀਤਾ ਜਾਣਾ ਚਾਹੀਦਾ ਹੈ ਤਾਂ ਕਿ ਇਹ ਵਖ ਵਖ ਕਿਸਮ ਦੀਆਂ ਸੰਪਰਦਾਵਾਂ ਦਾ ਸੰਘਰਸ਼ ਨਾ ਰਹਿ ਕੇ ਸਮੁਚੀ ਕੌਮ ਦਾ ਰਾਸ਼ਟਰੀ ਸੰਘਰਸ਼ ਬਣ ਜਾਵੇ।

ਵਰਤਮਾਨ ਸੰਘਰਸ਼ ਵਿਚ ਜੂਝ ਰਹੀਆਂ ਖਾੜਕੂ ਜਥੇਬੰਦੀਆਂ ਨੇ ਪਹਿਲਾਂ ਪਹਿਲ 26 ਜਨਵਰੀ, 1986 ਨੂੰ ਸਰਬਤ ਖ਼ਾਲਸਾ ਸਮਾਗਮ ਬੁਲਾ ਕੇ ਇਸ ਪਾਸੇ ਚੰਗੀ ਸ਼ੁਰੂਆਤ ਕੀਤੀ ਸੀ ਭਾਵੇਂ 26 ਜਨਵਰੀ, 1986 ਵਾਲਾ ਸਰਬਤ ਖ਼ਾਲਸਾ ਸਮਾਗਮ ਆਪਣੇ ਆਪ ਵਿਚ ਸੰਪੂਰਨ ਨਹੀਂ ਸੀ ਫਿਰ ਵੀ ਇਹ ਖ਼ਾਲਸਈ ਮਰਯਾਦਾ ਨੂੰ ਸ਼ੁਰੂ ਕਰਨ ਵਲ ਇਕ ਵਧੀਆ ਕਦਮ ਸੀ ਪਰ ਪਤਾ ਨਹੀਂ ਇਸ ਪਿਛੋਂ ਸਰਬਤ ਖ਼ਾਲਸਾ ਸਮਾਗਮ ਕਿਉਂ ਨਹੀਂ ਬੁਲਾਏ ਗਏ। ਦੂਜਾ ਸਰਬਤ ਖ਼ਾਲਸਾ ਸਮਾਗਮ ਉਸੇ ਸਾਲ ਦੀ ਬੈਸਾਖੀ 'ਤੇ ਬੁਲਾਇਆ ਗਿਆ ਸੀ ਪਰ ਇਹ ਸਿਰਫ਼ ਇਕ ਖ਼ਾਨਾਪੂਰਤੀ ਲਈ ਹੀ ਸੀ। ਚੰਗਾ ਹੋਵੇਗਾ ਕਿ ਜੇਕਰ ਸਾਰੀਆਂ ਖਾੜਕੂ ਜਥੇਬੰਦੀਆਂ ਆਪਸੀ ਵੈਰ-ਵਿਰੋਧ ਮਿਟਾ ਕੇ ਹਰ ਬੈਸਾਖੀ ਅਤੇ ਦਿਵਾਲੀ ਦੇ ਮੌਕਿਆਂ ਤੇ ਸਰਬਤ ਖ਼ਾਲਸਾ ਸਮਾਗਮ ਬੁਲਾਇਆ ਕਰਨ। ਸਰਬਤ ਖ਼ਾਲਸਾ ਸਮਾਗਮ ਦੁਆਰਾ ਪਾਸ ਕੀਤੇ ਗੁਰਮਤੇ ਇਕ ਕਿਸਮ ਦੀ ਸਮੁਚੀ ਕੌਮ ਵਲੋਂ ਪਰਗਟਾਈ ਗਈ ਰਾਇਸ਼ੁਮਾਰੀ ਦੇ ਬਰਾਬਰ ਹੀ ਹੁੰਦੇ ਹਨ ਜੋ ਸਾਲ ਵਿਚ ਦੋ ਵਾਰੀ ਸਮੁਚੀ ਦੁਨੀਆਂ ਸਾਹਮਣੇ ਆਉਣੀ ਚਾਹੀਦੀ ਹੈ। ਜਦੋਂ ਤਕ ਸਿਖ ਲੀਡਰਸ਼ਿਪ ਖ਼ੁਦ ਹੀ ਕੌਮ ਦੀ ਰਾਇਸ਼ੁਮਾਰੀ ਦਾ ਸਾਹਮਣਾ ਨਹੀਂ ਕਰੇਗੀ ਉਨਾ ਚਿਰ ਉਹ ਕੇਂਦਰੀ ਸਰਕਾਰ ਨੂੰ ਸਿਖਾਂ ਦੀ ਰਾਇਸ਼ੁਮਾਰੀ ਕਰਵਾਉਣ ਲਈ ਕਿਵੇਂ ਕਹਿ ਸਕੇਗੀ ? ਪਹਿਲਾਂ ਸਰਬਤ ਖ਼ਾਲਸਾ ਸਮਾਗਮਾਂ ਦੇ ਰੂਪ ਵਿਚ ਸਿਖਾਂ ਦੀ ਰਾਇਸ਼ੁਮਾਰੀ ਨੂੰ ਸਾਹਮਣੇ ਆਉਣ ਦਿਓ ਫਿਰ ਉਸ ਦੀ ਪਰਾਪਤੀ ਵੀ ਆਪਣੇ ਆਪ ਹੀ ਹੋ ਜਾਵੇਗੀ। 26 ਜਨਵਰੀ, 1986 ਦਾ ਸਰਬਤ ਖ਼ਾਲਸਾ ਸਮਾਗਮ ਖਾਲਿਸਤਾਨ ਦੇ ਵਿਚਾਰ ਨੂੰ ਅਗੇ ਲੈ ਕੇ ਆਇਆ ਸੀ ਇਸੇ ਤਰਾਂ ਜੇਕਰ ਪਿਛੋਂ ਵੀ ਹਰ ਬੈਸਾਖੀ ਅਤੇ ਦਿਵਾਲੀ ਦੇ ਮੌਕਿਆਂ 'ਤੇ ਸਰਬਤ ਖ਼ਾਲਸਾ ਸਮਾਗਮ ਬੁਲਾਏ ਜਾਂਦੇ ਤਾਂ ਇਸ ਦੀ ਪਰਾਪਤੀ ਵਲ ਹੁਣ ਨਾਲੋਂ ਕਿਤੇ ਜ਼ਿਆਦਾ ਅਗੇ ਜਾਇਆ ਜਾ ਸਕਦਾ ਸੀ।

**ਸੁਖਦਿਆਲ ਸਿੰਘ**
ਮਈ, 1991

Digitized by Panjab Digital Library | www.panjabdigilib.org

ਇਸੇ ਹੀ ਕਲਮ ਤੋਂ ਛਪ ਚੁਕੀਆਂ ਪੁਸਤਕਾਂ ਤੇ ਪੈਂਫਲਿਟ

1. ਸਿਰੀ ਅਕਾਲ ਤਖ਼ਤ ਸਾਹਿਬ—ਭਾਗ ਪਹਿਲਾ
2. ਸਿਰੀ ਅਕਾਲ ਤਖ਼ਤ ਸਾਹਿਬ—ਭਾਗ ਦੂਜਾ
3. ਖਾਲਸਾ ਪ੍ਰਭੂਸਤਾ ਸਿਧਾਂਤ
4. ਖਾਲਸਾ ਰਾਜ ਦਾ ਸੰਕਲਪ
5. ਖਾਲਸਾ ਪੰਥ ਦੇ ਪੰਜ ਤਖ਼ਤ

ਪੈਂਫਲਿਟ

ਪੰਜਾਬ ਦੀ ਸੁਤੰਤਰਤਾ ਲਈ ਚਲ ਰਹੇ
ਖਾੜਕੂ ਸੰਘਰਸ਼ ਦਾ ਲੇਖਾ ਜੋਖਾ

Digitized by Panjab Digital Library / www.panjabdigilib.org

PL-0360

Digitized by Panjab Digital Library | www.panjabdigilib.org

ਸਭ ਹਕ ਰਾਖਵੇਂ ਹਨ

# ਸਿਰੀ ਅਕਾਲ ਤਖਤ ਸਾਹਿਬ
# ਸਰਬਤ ਖਾਲਸਾ
# ਅਤੇ ਗੁਰਮਤਾ

ਪਹਿਲੀ ਵਾਰ : ਮਈ 1991
ਕਾਪੀਆਂ : 1100
ਮੁੱਲ : ਪੰਜ ਰੁਪਏ

ਛਾਪਕ : ਵੈਸਟਰਨ ਪ੍ਰਿੰਟਰਜ਼, ਪਟਿਆਲਾ

Digitized by Panjab Digital Library | www.panjabdigilib.org